ਸਿਰਜਣਾ

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ

ਸਿੱਖ ਵਿਦਿਅਕ ਬੋਰਡ

ਅਕਾਲ ਪੁਰਖ ਕੀ ਫ਼ੌਜ

AKAAL PURKH KI FAUJ

# ਗੁਰਮਤਿ ਸਿਰਜਣਾ ਕੈਂਪ



ਜਾਲਮ ਕਹੇ ਹਿੰਦ ਨੂੰ, ਮੈਂ ਜੰਞੂ ਨਹੀਂ ਪਾਉਣ ਦੇਣਾ, ਸਤਿਗੁਰ ਨੇ ਆਖਿਆ ਮੈਂ ਜੰਞੂ ਨਹੀਂ ਲਾਹੁਣ ਦੇਣਾ।
ਫਿਰ ਚੌਂਕ ਚਾਂਦਨੀ ਵਿੱਚ ਨੌਂਵੇਂ ਹਜ਼ੂਰ ਆਏ, ਖੁਦ ਗਲ ਕਟਾ ਕੇ, ਜੰਞੂ ਪੰਡਤਾਂ ਦੇ ਗਲ ਚ ਪਾਏ।
ਜਿਸ ਚੌਂਕ ਵਿੱਚ ਸ਼ਹੀਦੀ ਪਾਈ ਸਵੇਰਿਆਂ ਨੇ, ਚਾਨਣ ਦਾ ਕਤਲ ਕੀਤਾ, ਜਿਸ ਥਾਂ ਹਨੇਰਿਆਂ ਨੇ,
ਉਸ ਚੌਂਕ ਚਾਂਦਨੀ ਦਾ, ਚਾਨਣ ਦਾ ਚੌਂਕ ਨਾਂ ਹੈ, ਸਿੱਖੀ ਦੀ ਦਾਸਤਾਨ ਹੈ।

**ਅਕਾਲ ਪੁਰਖ ਕੀ ਫ਼ੌਜ | ਪੰਥਕ ਤਾਲਮੇਲ ਸੰਗਠਨ**

92162-22000

www.apkf.org

# ਗਿਆਨੀ ਤਾਹਿ ਬਖਾਨਿ

ਗਿਆਨ ਵਾਨ ਹੋਣ ਦੀ ਪਹਿਲੀ ਨਿਸ਼ਾਨੀ ਨਿਰਭਉ ਹੋਣਾ ਹੈ। ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ ਅਸਲ ਧਰਮੀ ਅਤੇ ਗਿਆਨਵਾਨ ਮਨੁੱਖ ਦੀਆਂ ਨਿਸ਼ਾਨੀਆਂ ਹਨ।

ਨਿਰਭਉ ਅਤੇ ਨਿਰਭੈ ਦੀ ਮੂਰਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਜੀਵਨ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਬਹੁਤ ਲੰਬਾ ਪ੍ਰਚਾਰਕ ਦੌਰਾ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਅਦ ਸਭ ਤੋਂ ਵੱਧ ਪ੍ਰਚਾਰ ਫੇਰੀਆਂ ਗੁਰੂ ਤੇਗ ਬਹਾਦਰ ਸਾਹਿਬ ਨੇ ਕੀਤੀਆਂ। ਪ੍ਰਚਾਰ ਫੇਰੀਆਂ ਦੌਰਾਨ ਲੁਕਾਈ ਨੂੰ ਹੱਕ ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜਾਗਰੂਕ ਕੀਤਾ। ਸਿਰਫ ਜਾਗਰੂਕ ਹੀ ਨਹੀਂ ਕੀਤਾ ਲੋੜ ਪੈਣ ਤੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਗੁਰੂ ਸਾਹਿਬ ਜੀ ਮਜਲੂਮਾਂ ਦੀ ਰੱਖਿਆ ਕਰਨ ਦੇ ਲਈ ਆਪਣਾ ਆਪ ਵਾਰਨ ਲਈ ਤਿਆਰ ਹੋ ਗਏ।

ਸੰਸਾਰ ਵਿੱਚ ਇਹ ਪਹਿਲੀ ਉਦਾਹਰਣ ਹੈ ਕਿ ਕਿਸੇ ਦੇ ਧਰਮ ਨੂੰ ਬਚਾਉਣ ਲਈ ਕਿਸੇ ਦੂਸਰੇ ਧਰਮ ਦੇ ਰਹਿਬਰ ਨੇ ਕੁਰਬਾਨੀ ਦਿੱਤੀ ਹੋਵੇ। ਕੁਰਬਾਨੀ ਵੀ ਅਜਿਹੀ ਜਿਸ ਦੀ ਮਿਸਾਲ ਦੁਨੀਆਂ ਨਹੀਂ ਮਿਲਦੀ। ਦੂਜਿਆਂ ਦੀ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣ, ਉਹਨਾਂ ਦੇ ਸਿਰ ਅਤੇ ਸੁਹਾਗ ਸਲਾਮਤ ਰਹਿਣ ਇਸ ਲਈ ਆਪਣਾ ਸਿਰ ਕਲਮ ਕਰਵਾ ਸ੍ਰਿਸ਼ਟੀ/ਧਰਮ ਦੀ ਚਾਦਰ ਅਖਵਾਏ।

ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਗੁਰੂ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਹ ਕਿਤਾਬਚਾ ਆਪ ਸੰਗਤਾਂ ਤੱਕ ਪਹੁੰਚਾਉਣ ਦੀ ਖੁਸ਼ੀ ਲੈ ਰਹੇ ਹਾਂ। ਅਕਾਲ ਪੁਰਖ ਕੀ ਫੌਜ ਵਲੋਂ ਹਰ ਸਾਲ ਗਰਮੀ ਦੀਆਂ ਛੁੱਟੀਆਂ ਵਿੱਚ ਵੱਖ-ਵੱਖ ਵਿਸ਼ਿਆਂ ਉਪਰ ਬੱਚਿਆਂ ਦੇ ਗੁਰਮਤਿ ਕੈਂਪ ਲਗਾਏ ਜਾਦੇ ਹਨ।

ਇਸ ਵਾਰ ਕੈਂਪਾਂ ਦੀ ਰੂਪ-ਰੇਖਾ ਗੁਰੂ ਸਾਹਿਬ ਦੀ ਜੀਵਨੀ ਅਤੇ ਰਚਿਤ ਗੁਰਬਾਣੀ ਵਾਲੀ ਹੋਵੇਗੀ। ਜਿੱਥੇ ਬੱਚਿਆਂ ਨੂੰ ਛੁੱਟੀਆਂ ਵਿੱਚ ਸਕੂਲ ਵੱਲੋਂ ਕੰਮ ਦਿੱਤਾ ਜਾਣਾ ਹੈ ਉੱਥੇ ਹੀ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਸਬੰਧਤ ਇਹ ਕਿਤਾਬਚਾ ਪਹੁੰਚਾਇਆ ਜਾਏਗਾ ਤੇ ਹਰ ਪਿੰਡ ਹਰ ਗੁਰਦੁਆਰੇ ਵਿੱਚ ਬੱਚਿਆਂ ਨਾਲ ਗੁਰੂ ਸਾਹਿਬ ਜੀ ਦੇ ਜੀਵਨ ਦੀਆਂ ਵਿਚਾਰਾਂ ਕੀਤੀਆਂ ਜਾਣਗੀਆਂ।

**ਇਹ ਕਿਤਾਬਚਾ ਸਿੱਖ ਵਿੱਦਿਅਕ ਬੋਰਡ ਨਾਲ ਜੁੜੇ ਸਕੂਲਾਂ ਵਿੱਚ ਵੀ ਪਹੁੰਚਾਇਆ ਜਾਏਗਾ। ਇਸ ਕਾਰਜ ਲਈ ਅਸੀਂ ਸਿੱਖ ਵਿਦਿਅਕ ਬੋਰਡ ਦਾ ਧੰਨਵਾਦ ਕਰਦੇ ਹਾਂ।**

**ਆਪ ਦੇ ਸਹਿਯੋਗ ਦੀ ਆਸ -** ਇਹ ਕਿਤਾਬਚਾ ਤੁਸੀਂ ਆਪ ਵੀ ਛਪਵਾਓ ਅਤੇ ਹੋਰਨਾ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਸੰਭਾਲੋ।

**ਗੁਰੂ ਪੰਥ ਦਾ ਦਾਸ**
**ਕੇਵਲ ਸਿੰਘ**
ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ

**ਸੇਵਾਦਾਰ**
**ਜਸਵਿੰਦਰ ਸਿੰਘ ਐਡਵੋਕੇਟ**
ਕਨਵੀਨਰ ਅਕਾਲ ਪੁਰਖ ਕੀ ਫੌਜ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 18 ਅਪ੍ਰੈਲ ਸੰਨ 1621 ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦਾ ਨਾਂ ਤਿਆਗ ਮੱਲ ਰੱਖਿਆ ਗਿਆ। ਆਪ ਜੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਮੁੱਢ ਤੋਂ ਹੀ ਆਪ ਡੂੰਘੇ ਵੀਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ।

## ਪੜ੍ਹਾਈ ਸਿਖਲਾਈ

ਆਪ ਜੀ ਦੀ ਪੜ੍ਹਾਈ ਸਿਖਲਾਈ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜੀ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਤੇ ਘੋੜ ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਤਾਂ ਆਪ ਪਿਤਾ ਗੁਰੂ ਜੀ ਦੇ ਨਾਲ ਹੀ ਸਨ।

## ਅਨੰਦ ਕਾਰਜ

ਸੰਨ 1634 ਵਿਚ ਆਪ ਦਾ ਅਨੰਦ ਕਾਰਜ ਲਖਨੌਰ ਜ਼ਿਲਾ ਅੰਬਾਲਾ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ।

## ਕਰਤਾਰਪੁਰ ਵਿਖੇ 1635 ਵਿੱਚ ਮੁਗਲਾਂ ਨਾਲ ਚੌਥੀ ਜੰਗ

ਜਦੋਂ ਕਰਤਾਰਪੁਰ ਵਿਖੇ 1635 ਵਿੱਚ ਮੁਗਲਾਂ ਨਾਲ ਚੌਥੀ ਜੰਗ ਹੋਈ ਤਾਂ ਆਪ ਜੀ ਨੇ ਐਸੇ ਤੇਗ ਦੇ ਜੌਹਰ ਵਿਖਾਏ ਕਿ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਜੀ ਦਾ ਨਾਮ 'ਤੇਗ ਬਹਾਦਰ' ਰੱਖ ਦਿੱਤਾ। ਇਸ ਜੰਗ ਤੋਂ ਪਿਛੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਤੇ ਆਪ ਪਿਤਾ ਗੁਰੂ ਜੀ ਦੀ ਆਗਿਆ ਅਨੁਸਾਰ ਆਪਣੇ ਪਰਿਵਾਰ ਸਹਿਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ। ਪਿੰਡ ਬਕਾਲੇ ਰਹਿ ਕੇ ਕੇਂਦਰੀ ਪੰਜਾਬ ਵਿਚ ਸਿੱਖੀ ਪ੍ਰਚਾਰ ਦੀ ਜਿੰਮੇਵਾਰੀ ਨਿਭਾਉਂਦੇ ਰਹੇ। ਸੰਨ 1644 ਵਿਚ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤ ਸਮਾਏ।

## ਮੁੱਖੀ ਪ੍ਰਚਾਰਕ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ 1656 ਵਿਚ ਆਪ ਜੀ ਨੂੰ ਪਟਨੇ ਦਾ ਮੁੱਖੀ ਪ੍ਰਚਾਰਕ ਥਾਪ ਕੇ ਭੇਜਿਆ। ਆਪ ਜੀ ਨੇ ਦੂਰ ਦੂਰ ਢਾਕਾ (ਬੰਗਾਲ) ਤੀਕ ਧਰਮ ਪ੍ਰਚਾਰ ਕੀਤਾ। ਫਿਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਆਗਿਆ ਅਨੁਸਾਰ ਪ੍ਰਚਾਰ ਵਿਚ ਜੁਟੇ ਰਹੇ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਔਰੰਗਜ਼ੇਬ ਦੀ ਬੇਨਤੀ ਪੁਰ ਦਿੱਲੀ ਆਏ ਅਤੇ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਪਟਨੇ ਤੋਂ ਬੁਲਾ ਭੇਜਿਆ ਅਤੇ 7 ਅਪ੍ਰੈਲ 1664 ਨੂੰ ਦਿੱਲੀ ਵਿਖੇ ਆ ਮਿਲੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੌਂਪਣ ਦਾ ਫੈਸਲਾ ਕੀਤਾ। ਮੁਖੀ ਸਿੱਖਾਂ, ਪਰਿਵਾਰਾਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਨਿੱਜੀ ਤੌਰ 'ਤੇ ਦਸ ਦਿੱਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬਕਾਲੇ ਜਾਣ ਦਾ ਹੁਕਮ ਦਿੱਤਾ।

## ਸਿਰਫ ਜਾਣਕਾਰੀ ਹਿੱਤ/ਰੌਚਕ ਤੱਥ

ਕਿਸੇ ਵਿਦਵਾਨ ਦਾ ਕਥਨ ਹੈ ਕਿ ਧਰਮ ਮੰਦਰਾਂ ਦੀ ਨੀਹ ਧਰਮ ਲਈ ਅਹੂਤੀ ਦੇਣ ਵਾਲੇ ਸ਼ਹੀਦਾਂ ਦੇ ਸਿਰਾਂ ਤੇ ਹੀ ਰੱਖੀ ਜਾ ਸਕਦੀ ਹੈ। ਕੋਈ ਧਰਮ ਪੂਰਾ ਨਹੀਂ ਕਿਹਾ ਜਾ ਸਕਦਾ ਜਿੰਨ੍ਹਾ ਚਿਰ ਉਹ ਜੀਵਨ ਦੇ ਨਾਲ ਨਾਲ ਮੌਤ ਦੀ ਜਾਂਚ ਵੀ ਆਪਣੇ ਸ਼ਰਧਾਲੂਆਂ ਨੂੰ ਨਾ ਸਿਖਾਵੇ। ਮੁਢਲਾ ਤੇ ਅਖੀਰਲਾ ਸਿਰਾ ਜੀਵਨ ਤੇ ਮੌਤ ਹੀ ਹੈ। ਜਿਸ ਨੇ ਇਹ ਦੋਵੇਂ ਰਾਜ ਸਮਝ ਲਏ ਉਹ ਪੂਰਨ ਮਨੁੱਖ, ਅਸਲ ਬ੍ਰਹਮ ਗਿਆਨੀ ਕਾਮਲ ਸੰਤ ਅਤੇ ਫਕੀਰ ਹੈ।
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਜਿਹੀਆਂ ਮਹਾਨ ਸ਼ਖਸ਼ੀਅਤਾਂ ਵਿੱਚੋਂ ਸਨ ਜਿੰਨ੍ਹਾ ਆਪਣੀ ਸ਼ਹਾਦਤ ਦੇ ਕੇ ਜਬਰ ਦੇ ਭੁਚਾਲਾਂ ਨਾਲ ਡੋਲ ਰਹੇ ਧਰਮ ਨੂੰ ਮੁੜ ਅਚੱਲ ਤੇ ਅਡੋਲ ਕੀਤਾ।

## ਪਾਠ ਦਾ ਮੂਲ ਉਦੇਸ਼

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਡੂੰਘੇ ਵਿਚਾਰਵਾਨ ਦਲੇਰ ਨਿਰਭੈ ਅਤੇ ਤਿਆਗੀ ਸੁਭਾਅ ਦੇ ਮਾਲਕ ਸਨ ।
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਸਾਹਿਬਾਨ ਦੇ ਦਿੱਤੇ ਹੋਏ ਸਿਧਾਂਤਾਂ ਨੂੰ ਦੂਰ ਦੁਰਾਡੇ ਪ੍ਰਚਾਰਨ ਲਈ ਵਚਨ ਬੱਧ ਸਨ।
ਕਰਤਾਰਪੁਰ ਦੀ ਜੰਗ ਉਪਰੰਤ ਬਾਬੇ ਬਕਾਲੇ ਆ ਵਸੇ ਅਤੇ ਇੱਥੋਂ ਬਾਅਦ ਵਿੱਚ ਪ੍ਰਚਾਰ ਆਰੰਭਿਆ।

## ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ ।**

1. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ?

.............................................................................................................................................................

.............................................................................................................................................................

2. ਸ੍ਰੀ ਗੁਰੂ ਸਾਹਿਬ ਜੀ ਮੁੱਢ ਤੋਂ ਹੀ ਕਿਹੋ ਜਿਹੇ ਸੁਭਾਅ ਦੇ ਮਾਲਕ ਸਨ?

.............................................................................................................................................................

.............................................................................................................................................................

3. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਗੁਰੂ ਤੇਗ ਬਹਾਦਰ ਜੀ ਦੀ ਪੜ੍ਹਾਈ ਸਿਖਲਾਈ ਦੇ ਨਾਲ ਨਾਲ ਹੋਰ ਕਿਹੜੀ ਤਿਆਰੀ ਕਰਵਾਈ ਗਈ?

.............................................................................................................................................................

.............................................................................................................................................................

4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ ਫੇਰੀਆਂ ਦਾ ਵੇਰਵਾ ਦਿਉ?

.............................................................................................................................................................

.............................................................................................................................................................

5. ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਨੂੰ ਕਿਹੜੇ ਸੰਨ ਵਿੱਚ ਕਿੱਥੋਂ ਦਾ ਮੁੱਖ ਪ੍ਰਚਾਰਕ ਥਾਪਿਆ?

.............................................................................................................................................................

.............................................................................................................................................................

## ਸ਼ਬਦਾਂ ਦੀ ਖੇਡ

**ਸ਼ਬਦਾਂ ਨੂੰ ਸਬੰਧਤ ਅਰਥਾਂ ਨਾਲ ਮਿਲਾਓ:**

| | |
|---|---|
| ਗੁਰਮਤਿ | 1635 ਮੁਗਲਾਂ ਨਾਲ ਚੌਥੀ ਜੰਗ |
| ਮੀਰੀ ਪੀਰੀ | ਗੁਰੂ ਦੀ ਸਿੱਖਿਆ |
| ਆਨੰਦ ਕਾਰਜ | ਭਗਤੀ ਅਤੇ ਸ਼ਕਤੀ ਦਾ ਸੁਮੇਲ |
| ਤੇਗ ਬਹਾਦਰ | ਤੇਗ ਦੇ ਧਨੀ |
| ਕਰਤਾਰਪੁਰ | 1634 ਵਿੱਚ |

## ਸਾਡਾ ਵਿਰਸਾ

**ਗੁਰੂ ਦੁਆਰੇ ਜਾਣਾ**

| | |
|---|---|
| ਗੁਰੂ ਦੀ ਸਿੱਖਿਆ ਨੂੰ ਆਪਣੀ ਜ਼ਿੰਦਗੀ ਵਿੱਚ ਵਸਾਉਣਾ | ਰੋਜ਼ਾਨਾ ਸਹਿਜ ਪਾਠ ਕਰਨਾ |
| ਗੁਰ ਉਪਦੇਸ ਨੂੰ ਬਿਨਾਂ ਲਾਲਚ ਹੋਰਨਾਂ ਤੱਕ ਪਹੁੰਚਾਉਣਾ | ਸਰਬੱਤ ਦਾ ਭਲਾ ਮੰਗਣਾ ਤੇ ਕਰਨਾ |

## ਤਸਵੀਰ ਵਿੱਚ ਕੀ ਦਿਖਾਇਆ ਗਿਆ ਹੈ ਆਪਣੇ ਸ਼ਬਦਾਂ ਵਿੱਚ ਲਿਖੋ



______________________________________________

______________________________________________

______________________________________________

______________________________________________

## ਸਿੱਖਿਆ

ਗੁਰੂ ਸਾਹਿਬਾਨ ਨੇ ਛੋਟੀ ਉਮਰੇ ਹੀ ਮਹਾਨ ਕਾਰਜ ਕੀਤੇ ਦੂਰ ਦੁਰਾਡੇ ਸਿੱਖੀ ਦਾ ਪ੍ਰਚਾਰ ਕੀਤਾ ਗੁਰੂ ਹੁਕਮ ਅਨੁਸਾਰ ਬਾਬੇ ਬਕਾਲੇ ਆ ਵਸੇ।

# ਗੁਰਗੱਦੀ

16 ਅਪ੍ਰੈਲ, ਸੰਨ 1664 ਨੂੰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤਿ ਸਮਾਏ ਤੇ ਉਹਨਾਂ ਪਾਸ ਬੈਠੀਆਂ ਸਿੱਖ ਸੰਗਤਾਂ ਦੇ ਪੁਛਣ 'ਤੇ ਹੁਣ ਕਿਸ ਦੇ ਲੜ ਲਾ ਚਲੇ ਹੋ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਫ਼ਰਮਾਇਆ "ਬਾਬਾ ਬਸੇ ਗਰਾਮ ਬਕਾਲੇ" ਭਾਵ ਗੁਰਗੱਦੀ ਦਾ ਵਾਰਿਸ ਬਕਾਲੇ ਵਿਚ ਹੈ। ਭਾਂਵੇਂ ਦਿੱਲੀ ਵਿਖੇ ਮੁਖੀ ਸਿਖਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਬਾਰੇ ਕੋਈ ਭੁਲੇਖਾ ਨਹੀਂ ਸੀ, ਪਰ ਆਮ ਸੰਗਤਾਂ ਨੂੰ ਟਪਲਾ ਲਾ ਕੇ ਆਪਣੀ ਮਾਨਤਾ ਕਰਾਉਣ ਦੀ ਇੱਛਾ ਨਾਲ ਧੀਰਮਲ ਬਕਾਲੇ ਆ ਬੈਠਾ ਅਤੇ ਆਪਣੇ ਆਪ ਨੂੰ ਗੁਰੂ ਪ੍ਰਚਾਰਨ ਲੱਗਾ। ਦਿੱਲੀ ਤੋਂ ਮੁਖੀ ਸਿੱਖ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀਆਂ ਅੰਤਮ ਰਸਮਾਂ ਤੋਂ ਵਿਹਲੇ ਹੋ ਕੇ ਹੋਰ ਮੁਖੀ ਸਿਖਾਂ-ਮਸੰਦਾਂ ਨੂੰ ਸੁਨੇਹੇ ਭੇਜ ਕੇ ਬਕਾਲੇ ਆਏ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ।

## ਭਾਈ ਮੱਖਣ ਸ਼ਾਹ ਲੁਬਾਣਾ

ਇਨ੍ਹਾਂ ਹੀ ਦਿਨਾਂ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਜੋ ਜ਼ਿਲਾ ਮੁਜ਼ਫਰਾਬਾਦ (ਕਸ਼ਮੀਰ, ਹੁਣ ਪਾਕਿਸਤਾਨ) ਦਾ ਵਸਨੀਕ ਤੇ ਗੁਜਰਾਤ, (ਕਾਠੀਆਵਾੜ) ਇਲਾਕੇ ਦੇ ਪ੍ਰਚਾਰਕ ਸੀ, ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਨੂੰ ਮਿਲਣ ਬਕਾਲੇ ਪਹੁੰਚੇ। ਆਉਂਦਿਆਂ ਹੀ ਉਸਨੂੰ ਧੀਰਮੱਲ ਦੇ ਸਾਥੀ ਪ੍ਰੇਰ ਕੇ ਧੀਰਮਲ ਕੋਲ ਲੈ ਗਏ ਪਰ ਪਤਾ ਲਗਣ 'ਤੇ ਕਿ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਹੀਂ ਹਨ, ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਪਹੁੰਚਿਆ। ਭਾਈ ਮੱਖਣ ਸ਼ਾਹ ਨੇ, ਜਿਸਦੇ ਨਾਲ ਉਸਦੇ ਹਥਿਆਰਬੰਦ ਬੰਦੇ ਵੀ ਸਨ, ਡੱਟ ਕੇ ਪਾਖੰਡੀਆਂ ਦਾ ਵਿਰੋਧ ਕੀਤਾ ਤੇ ਸੱਚੇ ਸ੍ਰੀ ਗੁਰੂ ਦੇ ਲੜ ਲਗਣ ਦੀ ਐਸੀ ਦੋਹੀ ਫੇਰੀ ਕਿ ਧੀਰ ਮਲ ਨੂੰ ਬਕਾਲਾ ਛੱਡ ਕੇ ਨੱਸਣਾ ਪਿਆ।

## ਗੋਲੀ ਚਲਵਾਈ

ਧੀਰਮਲ ਨੇ ਜਾਂਦਿਆ ਹੋਇਆਂ ਸ਼ੀਹੇ ਮਸੰਦ ਨੂੰ ਲਾਲਚ ਦੇ ਕੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਗੋਲੀ ਚਲਵਾਈ, ਪਰ ਗੁਰੂ ਜੀ ਵਾਲ-ਵਾਲ ਬਚ ਗਏ। ਜਦੋਂ ਮੱਖਣ ਸ਼ਾਹ ਨੂੰ ਪਤਾ ਲੱਗਾ, ਤਾਂ ਸਿੱਖਾਂ ਨੂੰ ਨਾਲ ਲੈ ਕੇ ਧੀਰ ਮੱਲ ਦਾ ਪਿੱਛਾ ਕੀਤਾ। ਉਹਨਾਂ ਧੀਰ ਮੱਲ ਤੇ ਉਸ ਦੇ ਸਾਥੀਆਂ ਨੂੰ ਫੜ ਲਿਆਂਦਾ, ਤੇ ਉਸ ਵਲੋਂ ਖਿਮਾ ਜਾਚਨਾ ਕਰਨ ਤੇ ਗੁਰੂ ਸਾਹਿਬ ਨੇ ਉਸ ਦੀ ਵਧੀਕੀ ਨੂੰ ਨਜ਼ਰ ਅੰਦਾਜ਼ ਕਰਕੇ ਮੁਆਫੀ ਦੇ ਦਿੱਤੀ।

## ਸਿਰਫ ਜਾਣਕਾਰੀ ਹਿੱਤ/ਰੌਚਕ ਤੱਥ

ਜਿਉਂਦੇ ਜੀ ਸਿਰ ਤਲੀ ਤੇ ਰੱਖ ਕੇ ਜੋਖਮ ਲੈਣ ਦੀ ਜਾਂਚ ਸਿਖਾ ਸਾਨੂੰ ਸਦਾ ਲਈ ਮਹਾਨ ਕਰ ਗਏ।
ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਤੇ ਕੇ ਸ੍ਰੀ ਗੁਰੂ ਸਾਹਿਬ ਨੇ ਧਰਮ ਅਤੇ ਸਿਸ਼ਟੀ ਦੋਹਾਂ ਦੀ ਇੱਜਤ ਰੱਖ ਲਈ ਇਸੇ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਧਰਮ ਦੀ ਚਾਦਰ ਜਾਂ ਸਿਸ਼ਟੀ ਦੀ ਚਾਦਰ ਕਿਹਾ ਜਾਂਦਾ ਹੈ।
ਜਾਲਮ ਦੇ ਜ਼ੁਲਮ ਗੁਰੂ ਸਾਹਿਬ ਦੇ ਖ਼ੂਨ ਵਿੱਚ ਉਛਾਲਾ ਪੈਦਾ ਕਰ ਰਹੇ ਸਨ ਮਜਲੂਮ ਦੀਆਂ ਕਮਜ਼ੋਰੀਆਂ ਵੇਖ ਕੇ ਗੁਰੂ ਸਾਹਿਬ ਦੇ ਹਿਰਦੇ ਵਿੱਚ ਹਮਦਰਦੀ ਪੈਦਾ ਹੋ ਰਹੀ ਸੀ।

## ਪਾਠ ਦਾ ਮੂਲ ਉਦੇਸ਼

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੋਤੀ ਜੋਤ ਸਮਾਉਣਾ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੌਂਪਣੀ।
ਧੀਰਮਲ ਅਤੇ ਸਾਥੀਆਂ ਵੱਲੋਂ ਝੂਠੀਆਂ ਗੱਦੀਆਂ ਲਗਾ ਕੇ ਬੈਠਣਾ,ਮੱਖਣ ਸ਼ਾਹ ਲੁਬਾਣਾ ਵੱਲੋਂ ਝੂਠਿਆਂ ਦਾ ਪਾਜ ਉਘਾੜ ਕੇ ਗੁਰ ਲਾਧੋ ਰੇ ਦਾ ਸੁਨੇਹਾ ਦੇਣਾ।

## ਆਓ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਤੋਂ ਸੰਗਤਾਂ ਨੇ ਪੁੱਛਿਆ ਹੁਣ ਕਿਸ ਦੇ ਲੜ ਲਾ ਚੱਲੇ ਹੋ ਤਾਂ ਗੁਰੂ ਜੀ ਨੇ ਕੀ ਫਰਮਾਇਆ?

..........................................................................................................................................

..........................................................................................................................................

2. ਆਮ ਸੰਗਤਾਂ ਨੂੰ ਧੋਖਾ ਦੇ ਕੇ ਆਪਣੀ ਮਾਨਤਾ ਕੌਣ ਅਤੇ ਕਿਉਂ ਕਰਵਾਉਣ ਲੱਗ ਪਿਆ?

..........................................................................................................................................

..........................................................................................................................................

3. ਭਾਈ ਮੱਖਣ ਸ਼ਾਹ ਲੁਬਾਣਾ ਕੌਣ ਸੀ?

..........................................................................................................................................

..........................................................................................................................................

4. ਭਾਈ ਮੱਖਣ ਸ਼ਾਹ ਲੁਬਾਣਾ ਨੇ ਕਿਹੜਾ ਮਹਾਨ ਕਾਰਜ ਕੀਤਾ?

..........................................................................................................................................

..........................................................................................................................................

5. ਧੀਰਮਲੀਆਂ ਦੀਆਂ ਵਧੀਕੀਆਂ ਕਰਨ ਦੇ ਬਾਵਜੂਦ ਗੁਰੂ ਸਾਹਿਬ ਜੀ ਨੇ ਕੀ ਕੀਤਾ?

..........................................................................................................................................

..........................................................................................................................................

## ਖਾਲੀ ਥਾਵਾਂ ਭਰੋ

1. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ.....................ਵਿਖੇ ਜੋਤੀ ਜੋਤ ਸਮਾਏ।
2. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਫਰਮਾਇਆ ਬਾਬਾ ਬਸੇ......................।
3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦੀ ......................ਪੂਰੀ ਕੀਤੀ।
4. ਧੀਰ ਮੱਲ ਨੇ ਜਾਂਦਿਆਂ ਹੋਇਆਂ ....................ਨੂੰ ਲਾਲਚ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਗੋਲੀ ਚਲਵਾਈ।
5. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧੀਰ ਮੱਲ ਦੀ ਵਧੀਕੀ ਨੂੰ ਨਜ਼ਰ ਅੰਦਾਜ਼ ਕਰਕੇ......................ਦੇ ਦਿੱਤੀ।

**ਪਾਠ ਸਬੰਧੀ ਵਿਸ਼ੇਸ਼ ਟਿੱਪਣੀ**

ਸਾਨੂੰ ਸਾਰਿਆਂ ਨੂੰ ਗੁਰ ਇਤਿਹਾਸ ਪੜਨਾ, ਸੁਣਨਾ ਅਤੇ ਵਿਚਾਰਨਾ ਚਾਹੀਦਾ ਹੈ। ਲੋੜ ਹੈ ਅੱਜ ਭਾਈ ਮੱਖਣ ਸ਼ਾਹ ਲੁਬਾਣਾ ਬਣ ਕੇ ਗੁਰ ਲਾਧੋ ਰੇ ਹੋਕਾ ਦੇਣ ਦੀ।

# ਅਨੰਦਪੁਰ ਅਤੇ ਦੇਸ਼ ਰਟਨ

## ਦਰਬਾਰ ਸਾਹਿਬ ਅੰਮ੍ਰਿਤਸਰ

ਗੁਰਮਤਿ ਸੰਦੇਸ਼ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਸਾਹਿਬ ਮੁਖੀ ਸਿੱਖਾਂ ਸਮੇਤ 8 ਦਸੰਬਰ 1664 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ।ਪੁਜਾਰੀਆਂ (ਮੀਣਿਆਂ ਭਾਵ ਪ੍ਰਿਥੀ ਚੰਦ ਦਾ ਪੋਤਰਾ ਹਰਿ ਜੀ ਤੇ ਉਸਦੇ ਸੰਗੀ-ਸਾਥੀਆਂ) ਨੇ ਸੋਚਿਆ, ਜੇ ਗੁਰੂ ਜੀ ਇੱਥੇ ਟਿਕ ਗਏ ਤਾਂ ਸਾਡੀ ਰੋਜ਼ੀ ਰੋਟੀ ਬੰਦ ਹੋ ਜਾਵੇਗੀ। ਉਹ ਦਰਵਾਜ਼ੇ ਬੰਦ ਕਰਕੇ ਚਲੇ ਗਏ। ਗੁਰੂ ਜੀ ਬਾਹਰ ਥੜ੍ਹੇ ਤੇ ਬੈਠੇ ਉਡੀਕ ਕਰਦੇ ਰਹੇ, ਜਿਥੇ ਅੱਜ ਕਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਹੈ। ਕਾਫ਼ੀ ਸਮਾਂ ਉਡੀਕਣ ਤੇ ਵੀ ਜਦੋਂ ਪੁਜਾਰੀ ਨਾ ਆਏ ਤਾਂ ਆਪ ਪਿੰਡ 'ਵੱਲੇ' ਵੱਲ ਚਲ ਪਏ। ਪਿੰਡ 'ਵੱਲੇ' ਦੀ ਸੰਗਤ ਨੇ ਖ਼ੂਬ ਸੇਵਾ ਕੀਤੀ।

## ਪੁਜਾਰੀਆਂ ਨੂੰ ਤਾੜਨਾ

ਫਿਰ ਪੁਜਾਰੀ ਭਾਈ ਮੱਖਣ ਸ਼ਾਹ ਨਾਲ ਗੁਰੂ ਜੀ ਕੋਲ ਪਿੰਡ ਵੱਲੇ ਪਹੁੰਚੇ। ਗੁਰੂ ਜੀ ਨੇ ਕਿਹਾ ਕਿ ਤੁਸੀਂ ਗੁਰਦੁਆਰਿਆਂ ਦੇ ਸੇਵਾਦਾਰ (ਮਸੰਦ) ਨਹੀਂ ਰਹੇ, 31 ਸਾਲ ਹੋ ਗਏ ਹਨ, ਤੁਹਾਨੂੰ ਅਣ-ਕਮਾਇਆ ਧਨ ਖਾਂਦਿਆਂ, ਤੁਸੀਂ ਇਸ ਧਨ ਨੂੰ ਛੱਡਣਾ ਨਹੀਂ ਚਾਹੁੰਦੇ, ਇਸ ਲਈ ਤੁਸੀਂ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਹੋ।

## ਪਿੰਡ 'ਵੱਲੇ' ਪ੍ਰਭਾਵਸ਼ਾਲੀ ਦੌਰਾ

ਗੁਰੂ ਸਾਹਿਬ ਪਿੰਡ 'ਵੱਲੇ' ਤੋਂ ਪੰਜਾਬ ਅਤੇ ਮੌਜੂਦਾ ਹਰਿਆਣਾ ਦਾ ਇੱਕ ਪ੍ਰਭਾਵਸ਼ਾਲੀ ਦੌਰਾ ਕੀਤਾ ਜਿਸ 'ਤੇ ਦਿੱਲੀ ਹਕੂਮਤ ਘਬਰਾ ਗਈ ਅਤੇ ਕਾਜ਼ੀ ਮੌਲਾਣਿਆਂ ਦੀ ਚੁੱਕ ਵਿੱਚ ਆ ਕੇ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਸ਼ਾਹੀ ਫੁਮਾਨ ਦੀ ਪਰਵਾਹ ਨਾ ਕੀਤੀ। ਇਸ ਪੁਰ ਹਕੂਮਤ ਨੇ ਆਪਣੇ ਅਹਿਲਕਾਰਾਂ ਨੂੰ ਗੁਰੂ ਸਾਹਿਬ ਨੂੰ ਹਿਰਾਸਤ ਵਿੱਚ ਲੈ ਕੇ ਦਿੱਲੀ ਵਿਖੇ ਲਿਆਉਣ ਦਾ ਹੁਕਮ ਕੀਤਾ। ਦਿੱਲੀ ਵਿਖੇ ਔਰੰਗਜ਼ੇਬ ਦੇ ਸਿਪਹ-ਸਲਾਰ ਮਿਰਜਾ ਰਾਜਾ ਜੈ ਸਿੰਘ ਦੇ ਵਿੱਚ ਪੈਣ ਨਾਲ ਗੁਰੂ ਸਾਹਿਬ ਨੂੰ ਵਾਪਿਸ ਪੰਜਾਬ ਜਾਣ ਲਈ ਹਕੂਮਤ ਮੰਨ ਗਈ।

**ਕਹਿਲੂਰ ਦੇ ਰਾਜੇ ਪਾਸੋਂ ਮੀਆਂਪੁਰ, ਸਹੋਟਾ ਤੇ ਲੋਧੀਪੁਰ ਪਿੰਡਾਂ ਦੀ ਕੁਝ ਜ਼ਮੀਨ ਮੁੱਲ ਲੈ ਕੇ 5 ਜੁਲਾਈ 1665 ਵਿਚ ਸ੍ਰੀ ਅਨੰਦਪੁਰ ਸਾਹਿਬ ਵਸਾਇਆ।**

## ਔਰੰਗਜ਼ੇਬ ਫੁਰਮਾਨ ਤੇ ਨਵੀ ਨੀਤੀ

ਉਨ੍ਹੀ ਦਿਨੀ ਹਿੰਦੋਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਸੀ। ਉਸ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ ਕਈ ਨਵੇਂ ਫੁਰਮਾਨ ਜਾਰੀ ਕੀਤੇ, ਜਿਹਾ ਕਿ ਹਿੰਦੂ ਮੰਦਰ ਢਾਹੇ ਜਾਣੇ, ਭਾਰਤੀ ਧਰਮਾ ਦੇ ਸਾਰੇ ਲੋਕਾ ਨੂੰ ਦੀਨ ਧਰਮ ਵਿਚ ਲਿਆਂਦਾ ਜਾਵੇ। ਸਿਵਾਏ ਮੁਸਲਮਾਨਾਂ ਤੇ ਰਾਜਪੂਤਾਂ ਦੇ (ਰਾਜਪੂਤ, ਮੁਗ਼ਲਾਂ ਦੀ ਈਨ ਅਕਬਰ ਬਾਦਸ਼ਾਹ ਵੇਲੇ ਮੰਨ ਚੁੱਕੇ ਸਨ) ਕੋਈ ਪਗੜੀ, ਫੌਜ, ਬਾਜ਼, ਤਾਜ਼, ਨਗਾਰਾ, ਸ਼ਸਤਰ ਆਦਿ ਨਹੀਂ ਰੱਖ ਸਕਦਾ, ਜੇ ਕਿਸੇ ਨੇ ਮਾਸ ਵੀ ਖਾਣਾ ਹੈ ਤਾਂ ਉਹ ਮੁਸਲਮਾਨ ਕੋਲੋਂ ਜਾ ਕੇ ਹਲਾਲ ਕਰਵਾ ਕੇ ਖਾਏਗਾ। ਕੋਈ ਮੁਸਲਮਾਨ ਆਪਣਾ ਧਰਮ ਤਬਦੀਲ ਨਹੀਂ ਕਰੇਗਾ। ਜਜ਼ੀਆਂ ਟੈਕਸ ਵੀ ਹਿੰਦੂਆਂ ਪਰ ਲਾਇਆ ਗਿਆ, ਜਿਸ ਕਰਕੇ ਸਾਰੇ ਹਿੰਦੋਸਤਾਨ ਵਿਚ ਸਹਿਮ ਫੈਲ ਗਿਆ।

## ਪੂਰਬੀ ਹਿੰਦੋਸਤਾਨ ਦਾ ਦੌਰਾ

ਬੰਗਾਲ ਦੇ ਗਵਰਨਰ ਨੇ ਤਾਂ ਧਾਰਮਿਕ ਸਥਾਨ ਵੀ ਢਾਹੇ, ਜਿਸ ਕਰਕੇ ਗੁਰੂ ਸਾਹਿਬ ਨੇ ਲੋਕਾਂ ਅੰਦਰ ਸਹਿਮ ਖ਼ਤਮ ਕਰਨ ਲਈ ਅਤੇ ਅਣਖ ਦੀ ਜ਼ਿੰਦਗੀ ਜੀਉਣ ਦੀ ਪ੍ਰੇਰਨਾ ਦੇਣ ਲਈ ਪੂਰਬੀ ਹਿੰਦੋਸਤਾਨ ਦਾ ਦੌਰਾ ਆਰੰਭ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਹੀਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚਲ ਕੇ ਰੋਪੜ, ਬਨੂੜ, ਰਾਜਪੁਰਾ ਆਦਿ ਇਲਾਕਿਆਂ ਦੇ ਪਿੰਡਾਂ ਕਸਬਿਆਂ ਵਿਖੇ ਪ੍ਰਚਾਰ ਕਰਦੇ ਹੋਏ ਸੈਫਾਬਾਦ ਪੁੱਜੇ।

## ਨਵਾਬ ਸੈਫ ਖਾਨ

ਨਵਾਬ ਸੈਫ ਖਾਨ ਜੋ ਸੈਫਾਬਾਦ ਇਲਾਕੇ ਦਾ ਮਾਲਕ ਸੀ ਔਰੰਗਜ਼ੇਬ ਦਾ ਬਹੁਤ ਨਜ਼ਦੀਕੀ ਸੀ ਅਤੇ ਗੁਰੂ ਘਰ ਦਾ ਸ਼ਰਧਾਲੂ ਸੀ, ਨੇ ਬੜੇ ਸਤਿਕਾਰ ਅਤੇ ਅਧੀਨਗੀ ਨਾਲ ਸ੍ਰੀ ਗੁਰੂ ਸਾਹਿਬ ਜੀ ਨੂੰ ਸੈਫਾਬਾਦ ਵਿਖੇ ਠਹਿਰਣ ਲਈ ਬੇਨਤੀ ਕੀਤੀ। ਇਸ ਸਮੇਂ ਬਹੁਤ ਸਾਰੇ ਹੋਰ ਮੁਸਲਮਾਨ ਵੀ ਸਿੱਖੀ ਵਿੱਚ ਪ੍ਰਵੇਸ਼ ਹੋਏ ਉਹਨਾਂ ਵਿਚੋਂ ਸਮਾਣੇ ਦਾ ਚੌਧਰੀ ਮੁਹੰਮਦ ਬਖਸ਼ ਵੀ ਸੀ। ਗੁਰੂ ਸਾਹਿਬ ਜੀ ਨੇ ਸੈਫ ਖਾਨ ਦੀ ਸ਼ਰਧਾ ਰਖਦਿਆਂ ਸੈਫਾਬਾਦ ਨੂੰ ਬਹਾਦਰਗੜ ਦਾ ਨਾਂ ਦਿੱਤਾ।

## ਗੁਰਮਤਿ ਦ੍ਰਿੜ

ਮਾਲਵਾ,ਬਾਂਗਰ ਦੇਸ਼ ਤੋਂ (ਕੁਰਕਸ਼ੇਤਰ, ਕਰਨਾਲ, ਰੋਹਤਕ, ਹਿਸਾਰ) ਹੁੰਦੇ ਹੋਏ, ਮਥੁਰਾ, ਆਗਰਾ, ਕਾਨਪੁਰ, ਇਲਾਹਾਬਾਦ ਪ੍ਰਯਾਗ, ਕਾਸ਼ੀ ਆਦਿ ਹਿੰਦੂ ਤੀਰਥਾਂ ਤੇ ਗਏ ਤੇ ਉਥੇ ਇਕੱਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਵਾਈ ਤੇ ਸੱਚਾ ਤੀਰਥ ਸਤਿ ਸੰਗਤ ਨੂੰ ਹੀ ਦੱਸਿਆ। ਫਿਰ ਗਯਾ ਤੋਂ ਪਟਨੇ ਗਏ, ਇਥੇ ਭਾਈ ਜੈਤਾ ਹਲਵਾਈ ਦੇ ਪਾਸ ਸਾਰੇ ਪਰਿਵਾਰ ਨੂੰ ਛੱਡਿਆ (ਬਾਦ ਵਿਚ ਇਸ ਥਾਂ ਤੇ ਹੀ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਪ੍ਰਕਾਸ਼ ਹੋਇਆ) ਪਟਨੇ ਤੋਂ ਰਾਜਮਹਿਲ, ਮਾਲਦਾ, ਮੁਰਸ਼ਿਦਾਬਾਦ ਹੁੰਦੇ ਹੋਏ ਢਾਕੇ ਪਹੁੰਚੇ। ਢਾਕੇ ਤੋਂ ਆਸਾਮ ਪੁਜੇ, ਜਿਥੇ ਕਿ ਆਪ ਦੋ ਸਾਲ ਪ੍ਰਚਾਰ ਕਰਦੇ ਰਹੇ।

## ਅਹੋਮੀ ਕਬੀਲੇ ਦੀ ਸੁਲਾਹ

ਅਸਾਮ ਵਿਚ ਆਪ ਜੀ ਨੇ ਰਾਜਾ ਰਾਮ ਸਿੰਘ ਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚੱਕ੍ਰ ਧ੍ਵਜ ਦੀ ਸੁਲਾਹ ਕਰਵਾਈ ਤੇ ਦੋਹਾਂ ਪਾਸਿਉਂ ਖੂਨ ਡੁੱਲਣੋਂ ਬਚਾਇਆ। ਆਸਾਮ ਤੋਂ ਆਪ ਜੀ ਨੇ ਵਾਪਸ ਪੰਜਾਬ ਵੱਲ ਪਰਤਣ ਦਾ ਪ੍ਰੋਗਰਾਮ ਉਲੀਕਿਆ, ਕਿਉਂਕਿ ਲੋਕ, ਔਰੰਗਜ਼ੇਬ ਦੇ ਨਵੇਂ ਹੁਕਮਾਂ ਅਨੁਸਾਰ ਹੋ ਰਹੇ ਜ਼ੁਲਮਾਂ ਕਾਰਨ ਕੁਰਲਾ ਰਹੇ ਸਨ। ਔਰੰਗਜ਼ੇਬ ਨੇ ਹਿੰਦੂਆਂ ਤੇ ਸਖ਼ਤੀ ਆਰੰਭ ਕਰ ਦਿੱਤੀ ਸੀ ਅਤੇ ਪਾਠਸ਼ਾਲਾ ਤੇ ਮੰਦਰ ਢਾਹ ਦੇਣ ਦਾ ਐਲਾਨ ਕਰ ਦਿੱਤਾ ਸੀ। ਗੁਰੂ ਜੀ ਪਟਨੇ ਆਏ। ਥੋੜ੍ਹਾ ਸਮਾਂ ਟਿਕ ਕੇ ਪਰਿਵਾਰ ਤੇ ਸਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ ਅਯੁਧਿਆ ਆਦਿ ਹੁੰਦੇ ਹੋਏ, ਸੰਨ 1670 ਵਿਚ ਸ੍ਰੀ ਅਨੰਦਪੁਰ ਪੁੱਜ ਗਏ। ਥੋੜੇ ਚਿਰ ਪਿਛੋਂ ਪਰਿਵਾਰ ਨੂੰ ਵੀ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਮੰਗਵਾ ਲਿਆ।

## ਸਿਰਫ ਜਾਣਕਾਰੀ ਹਿੱਤ/ਰੌਚਕ ਤੱਥ

ਔਰੰਗਜ਼ੇਬ ਨੇ ਆਪਣੇ ਪਰਿਵਾਰ ਦੇ ਖ਼ੂਨ ਨਾਲ ਰੰਗੇ ਹੱਥਾਂ ਨਾਲ ਸਤਨਾਮੀਆ ਜੇਹੀ ਸਾਧੂ ਸੰਪਰਦਾ ਉੱਤੇ ਵੀ ਖ਼ੂਨੀ ਤੇਗ ਵਗਾ ਦਿੱਤੀ ਤੇ ਸਰਮੱਦ ਜਿਹੇ ਸੂਫੀ ਫਕੀਰ ਨੂੰ ਕਤਲ ਕਰਨਾ ਵੀ ਆਪਣੇ ਪ੍ਰੋਗਰਾਮ ਵਿੱਚ ਸ਼ਾਮਿਲ ਕਰ ਲਿਆ। 'ਢਾਕਾ' ਸਿੱਖੀ ਦਾ ਕੋਠਾ ਹੈ ਸਤਿਗੁਰਾਂ ਚੱਕਰ ਤੋਂ ਅੱਜ ਸਿੰਘ ਤੇ ਰਾਜਾ ਰਾਮ ਸਿੰਘ ਦਰਮਿਆਨ ਪੈ ਕੇ ਸੁਲਹਾ ਕਰਾ ਦਿੱਤੀ ਇਸੇ ਖੁਸ਼ੀ ਵਿੱਚ ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਇੱਕ ਉੱਚੀ ਥਾਂ ਤੇ ਰਾਜਪੂਤ ਸਿਪਾਹੀਆਂ ਨੇ ਆਪਣੀਆਂ ਢਾਲਾਂ ਵਿੱਚ ਮਿੱਟੀ ਭਰ ਭਰ ਕੇ ਗੁਰੂ ਜੀ ਲਈ ਇੱਕ ਚਬੂਤਰਾ ਤਿਆਰ ਕੀਤਾ ਜੋ ਕਿ ਹੁਣ ਗੁਰਦੁਆਰਾ ਧੋਬੜੀ ਸਾਹਿਬ ਕਰਕੇ ਪ੍ਰਸਿੱਧ ਹੈ। ਰਾਜਪੂਤਾਂ ਵਿੱਚ ਗੁਰੂ ਜੀ ਦੀ ਸ਼ਖਸ਼ੀਅਤ ਦਾ ਡੂੰਘਾ ਪ੍ਰਭਾਵ ਪਿਆ ਤੇ ਗੁਰੂ ਸਾਹਿਬ ਨੂੰ ਭਾਰਤੀ ਸੰਸਕ੍ਰਿਤੀ ਦਾ ਰਾਖਾ ਜਾਣਿਆ।

## ਪਾਠ ਦਾ ਮੂਲ ਉਦੇਸ਼

ਸਾਰੇ ਸੰਸਾਰ ਅੰਦਰ ਅਨੰਦਮਈ ਸੁਨੇਹਾ ਪਹੁੰਚਾਉਣ ਲਈ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਵਸਾਇਆ।
ਸ੍ਰੀ ਗੁਰੂ ਨਾਨਕ ਸਾਹਿਬ ਵਾਂਗ ਜਗਤ ਜਲੰਦੇ ਨੂੰ ਠਾਰਨ ਲਈ ਗੁਰੂ ਸਾਹਿਬ ਜੀ ਨੇ ਦੇਸ਼ ਰਟਨ ਕੀਤਾ।
ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਤਰੁਟੀਆਂ ਨੂੰ ਦੂਰ ਕਰਕੇ ਸਮਾਜ ਸੁਧਾਰਕ ਕਾਰਜ ਆਰੰਭੇ।

## ਆਉ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅੰਮ੍ਰਿਤਸਰ ਕਦੋਂ ਅਤੇ ਕਿਉਂ ਗਏ?

.................................................................................................................................................

.................................................................................................................................................

2. ਅੰਮ੍ਰਿਤਸਰ ਦੇ ਪ੍ਰਬੰਧਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਅਤੇ ਗੁਰੂ ਸਾਹਿਬ ਉਥੋਂ ਫਿਰ ਕਿਸ ਜਗ੍ਹਾ ਗਏ?

.................................................................................................................................................

.................................................................................................................................................

3. ਗੁਰੂ ਸਾਹਿਬ ਜੀ ਨੇ ਆਪਣਾ ਪ੍ਰਭਾਵਸ਼ਾਲੀ ਦੌਰਾ ਕਿੱਥੋਂ ਆਰੰਭ ਕੀਤਾ ਅਤੇ ਸਰਕਾਰ ਤੇ ਉਸਦਾ ਕੀ ਅਸਰ ਹੋਇਆ?

.................................................................................................................................................

.................................................................................................................................................

4. ਗੁਰੂ ਸਾਹਿਬ ਜੀ ਨੇ ਅਨੰਦਪੁਰ ਕਦੋਂ ਕਿਉਂ ਅਤੇ ਕਿਸ ਤੋਂ ਜਗ੍ਹਾ ਖਰੀਦ ਕੇ ਬਣਾਇਆ?

.................................................................................................................................................

.................................................................................................................................................

5. ਹਿੰਦੂਆਂ ਉੱਪਰ ਔਰੰਗਜ਼ੇਬ ਦੇ ਸਖਤੀ ਤੇ ਕੀ ਕਾਰਨ ਸਨ ਅਤੇ ਉਸਨੇ ਕਿਹੜੀਆਂ ਕਿਹੜੀਆਂ ਸਖਤੀਆਂ ਕੀਤੀਆਂ?

.................................................................................................................................................

.................................................................................................................................................

## ਸਹੀ ਸ਼ਬਦ ਦੀ ਚੋਣ ਕਰਕੇ ਖਾਲੀ ਥਾਵਾਂ ਭਰੋ


1. ਗੁਰੂ ਜੀ ਬਾਹਰ ਖੜੇ ਤੇ ਬੈਠ ਉਡੀਕ ਕਰਦੇ ਰਹੇ ਜਿੱਥੇ ਅੱਜ ਕੱਲ ਗੁਰਦੁਆਰਾ..................ਹੈ।
2. ਗੁਰੂ ਸਾਹਿਬ ਨੇ ਕਿਹਾ ਤੁਹਾਨੂੰ 31 ਸਾਲ ਹੋ ਗਏ ਅਣ-ਕਮਾਇਆ ਧਨ ਖਾਂਦਿਆਂ, ਤੁਸੀਂ..................ਦੀ ਅੱਗ ਵਿੱਚ ਸੜ ਰਹੇ ਹੋ।
3. ਬੰਗਾਲ ਦੇ ਗਵਰਨਰ ਨੇ ਗੁਰਦੁਆਰੇ ਢਾਹੇ ਤਾਂ ਗੁਰੂ ਸਾਹਿਬ ਜੀ ਨੇ ..................ਦੀ ਜਿੰਦਗੀ ਜਿਉਣ ਦੀ ਪ੍ਰੇਰਨਾ ਦੇਣ ਲਈ ਪੂਰਬੀ ਹਿੰਦੁਸਤਾਨ ਦਾ ਦੌਰਾ ਕੀਤਾ।
4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਹੀਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ .................. ਇਲਾਕਿਆਂ ਦੇ ਪਿੰਡਾਂ ਕਸਬਿਆਂ ਵਿਖੇ ਪ੍ਰਚਾਰ ਕਰਦੇ ਹੋਏ ਸੈਫਾਬਾਦ ਪੁੱਜੇ।

## ਸ਼ਬਦਾਂ ਨੂੰ ਆਪਣੇ ਵਾਕਾਂ ਵਿੱਚ ਵਰਤੋ

1. ਸੈਫਾਬਾਦ ..........................................................................................................................
2. ਆਹੋਮੀ ਕਬੀਲਾ....................................................................................................................
3. ਪਟਨੇ ਤੋਂ ..........................................................................................................................
4. ਸੱਚਾ ਤੀਰਥ .......................................................................................................................
5. ਭਾਈ ਜੈਤਾ ਹਲਵਾਈ ..............................................................................................................

ਹੇਠ ਦਿੱਤਾ ਹੋਇਆ ਨਕਸ਼ਾ ਗੁਰੂ ਸਾਹਿਬਾਨ ਜੀ ਦੇ ਦੇਸ਼ ਰਟਨ ਦਾ ਹੈ ਇਸ ਵਿੱਚ ਰੰਗ ਭਰੋ ਅਤੇ ਜਗ੍ਹਾ ਦਾ ਨਾਮ ਲਿਖੋ।

**Amritsar**
**Tarn Taran**
**Khadur Sahib**
**Goindwal sahib**
**khemkaran**
**darauli**
**Sabo ki Talwandi bathinda**
**kiratpur**
**Anandpur**





## ਸਿੱਖਿਆ

ਗੁਰੂ ਸਾਹਿਬ ਜੀ ਨੇ ਅਨੰਦਪੁਰ ਅਨੰਦਾਂ ਦੇ ਘਰ ਵਿੱਚੋਂ ਨਿਕਲ ਕੇ ਦੁਖੀਆਂ ਦੁਖਿਆਰਿਆਂ ਦੀ ਬਾਂਹ ਫੜੀ ਅਤੇ ਆਨੰਦ ਵੰਡਿਆ।

## ਸਾਡੇ ਕਰਨ ਯੋਗ:

ਸਾਨੂੰ ਗੁਰੂ ਸਾਹਿਬਾਨ ਦੇ ਪੂਰਨਿਆਂ ਤੇ ਚੱਲਦਿਆਂ ਲਗਭਗ ਦਸ ਪਿੰਡਾ ਵਿੱਚ ਪ੍ਰਚਾਰ ਜਾਂ ਕੈਂਪ ਲਗਾਉਣ ਲਈ ਜਾਣਾ ਚਾਹੀਦਾ ਹੈ।

ਹੇਠ ਦਿੱਤਾ ਹੋਇਆ ਨਕਸ਼ਾ ਗੁਰੂ ਸਾਹਿਬਾਨ ਜੀ ਦੇ ਦੇਸ਼ ਰਟਨ ਦਾ ਹੈ ਇਸ ਵਿੱਚ ਰੰਗ ਭਰੋ ਅਤੇ ਜਗ੍ਹਾ ਦਾ ਨਾਮ ਲਿਖੋ।



ਸ੍ਰੀ ਅਨੰਦਪੁਰ ਸਾਹਿਬ
ਰੋਪੜ, ਬਨੂੰੜ, ਰਾਜਪੁਰਾ
ਸੈਫਾਬਾਦ
ਮਾਲਵਾ ਬੰਗਰ, ਕੁਰਕਸ਼ੇਤਰ
ਕਾਰਨਾਲ
ਰੋਹਤਕ
ਹਸਾਰ
ਮਥੂਰਾ
ਆਗਰਾ
ਕਾਨਪੁਰ
ਅਲਾਹਾਬਾਦ
ਪ੍ਰਯਾਗ
ਕਾਸ਼ੀ
ਗਯਾ
ਪਟਨਾ
ਰਾਜ ਮਹਿਲ
ਮਾਲਦਾ, ਮੁਰਸ਼ਿਦਾਬਾਦ, ਢਾਕਾ
ਅਸਾਮ
ਬੁਕਸਰ
ਬਨਾਰਸ
ਆਯੋਧਿਆਂ

Sri Anandpur Sahib
Ropar, Banur, Rajpura
siafabad
Malwa Bangar, Kurukshetra
Karnal
Rohtak
Hsar
Mathura
Agra
Kanpur
Allahabad
Prayag
Kasi
Gaya
Patna
Raj Mahal
Malda, Mursihdabad, Dhaka.
Assaam
Buxar
Banaras
Ayodhya.

# ਮਨੁੱਖੀ ਅਧਿਕਾਰਾਂ ਲਈ ਸ਼ਹਾਦਤ

## ਔਰੰਗਜ਼ੇਬ ਦੀ ਨਵੀਂ ਨੀਤੀ

ਹਿੰਦੋਸਤਾਨ ਤੇ ਔਰੰਗਜ਼ੇਬ ਦੀ ਨਵੀਂ ਨੀਤੀ ਦਾ ਅਸਰ ਪਿਆ, ਹਰ ਥਾਂ ਹਾਹਾਕਾਰ ਮੱਚ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਲ (ਗੁਰੂ) ਗੋਬਿੰਦ ਸਿੰਘ ਜੀ ਨੂੰ ਆਉਂਦੇ ਖ਼ਤਰਿਆਂ ਤੇ ਹਾਲਾਤਾਂ ਤੋਂ ਜਾਣੂ ਕਰਵਾਇਆ ਯੋਗ ਤਿਆਰੀ ਲਈ ਪ੍ਰਬੰਧ ਕੀਤਾ। ਕਸ਼ਮੀਰ ਤੋਂ ਸ਼ੇਰ ਇਫਤਿਆਰ ਖ਼ਾਨ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾ ਰਿਹਾ ਸੀ।

## ਕਸ਼ਮੀਰੀ ਪੰਡਤ

ਕਸ਼ਮੀਰੀ ਪੰਡਤ ਮਟਨ ਨਿਵਾਸੀ ਭਾਈ ਕਿਰਪਾ ਰਾਮ ਜੀ, ਜਿਸ ਦਾ ਪਰਿਵਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ ਨੂੰ ਨਾਲ ਲੈ ਕੇ ਗੁਰੂ ਜੀ ਕੋਲ ਆ ਕੇ ਫ਼ਰਿਆਦੀ ਹੋਏ ਤੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆ ਕੇ ਸਹਾਇਤਾ ਲਈ ਤਰਲਾ ਲਿਆ। ਗੁਰੂ ਸਾਹਿਬ ਜੀ ਨੇ ਪੰਡਿਤਾਂ ਨੂੰ ਹੌਂਸਲਾ ਦਿੱਤਾ ਤੇ ਜ਼ੁਲਮ ਵਿਰੁੱਧ ਡੱਟ ਜਾਣ ਦੀ ਪ੍ਰੇਰਨਾ ਦਿੱਤੀ। ਗੁਰੂ ਸਾਹਿਬ ਨੇ ਸਮਝਾਇਆ ਕਿ ਕਾਇਰ ਬਣਨ ਦੀ ਲੋੜ ਨਹੀਂ, ਬਲਵਾਨ ਬਣੋ ਅਤੇ ਮੌਤ ਦਾ ਭੈ ਤਿਆਗ ਕੇ ਆਪਣੇ ਹੱਕਾਂ ਦੀ ਰਾਖੀ ਕਰੋ, ਨਾਲ ਹੀ ਉਨ੍ਹਾਂ ਨੂੰ ਜ਼ੁਲਮ ਤੋਂ ਬਚਾਉਣ ਲਈ ਆਪ ਅਗਵਾਈ ਕਰਨ ਦਾ ਭਰੋਸਾ ਦਿਤਾ।

## ਗੁਰੂ ਸਾਹਿਬ ਦੀ ਸ਼ਰਨ

ਕਸ਼ਮੀਰੀ ਪੰਡਿਤਾਂ ਨੇ ਹਕੂਮਤ ਤੱਕ ਇਹ ਸੁਨੇਹਾ ਭੇਜਿਆ ਕਿ ਅਸੀਂ ਗੁਰੂ ਸਾਹਿਬ ਦੀ ਸ਼ਰਨ 'ਚ ਹਾਂ ਅਤੇ ਉਹ ਸਾਡੇ ਆਗੂ ਹਨ। ਤੁਸੀਂ ਸਾਨੂੰ ਆਪਣੇ ਦੀਨ ਵਿਚ ਸ਼ਾਮਿਲ ਕਰਨ ਬਾਰੇ ਉਹਨਾਂ ਨਾਲ ਗੱਲ ਕਰੋ, ਅਸੀਂ ਉਨ੍ਹਾਂ ਦੇ ਹੁਕਮ ਅਨੁਸਾਰ ਚਲਾਂਗੇ। ਔਰੰਗਜ਼ੇਬ ਪਾਸ ਸਾਰੀਆਂ ਖਬਰਾਂ ਪਹੁੰਚ ਰਹੀਆਂ ਸਨ।

## ਗੁਰੂ ਜੀ ਹਿਰਾਸਤ ਵਿਚ

ਔਰੰਗਜ਼ੇਬ ਉਹਨੀ ਦਿਨੀ ਹਸਨ ਅਬਦਾਲ (ਪੰਜਾ ਸਾਹਿਬ) ਵਿਖੇ ਗਿਆ ਹੋਇਆ ਸੀ। ਉਸਨੇ ਅਹਿਲਕਾਰਾਂ ਨੂੰ ਸੁਨੇਹਾ ਭੇਜਿਆ ਕਿ ਗੁਰੂ ਤੇਗ ਬਹਾਦਰ ਨੂੰ ਦੀਨ ਵਿਚ ਲਿਆਉਣ ਲਈ ਕੋਸ਼ਿਸ਼ਾਂ ਕਰੋ ਜੇ ਨਾ ਮੰਨਣ ਤਾਂ ਸ਼ਹੀਦ ਕਰ ਦਿੱਤੇ ਜਾਣ। ਦਿੱਲੀ ਵਿਚ ਅਹਿਲਕਾਰਾਂ ਤੇ ਕਾਜ਼ੀਆਂ ਨੇ ਅਜਿਹਾ ਹੀ ਕੀਤਾ। ਗੁਰੂ ਜੀ ਨੂੰ ਹਿਰਾਸਤ ਵਿਚ ਲੈ ਲਿਆ ਤੇ ਦਿੱਲੀ ਲਿਆਂਦਾ ਗਿਆ।

**ਗੁਰੂ ਜੀ ਦੇ ਨਾਲ ਉਸ ਸਮੇਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਮੁਖੀ ਗੁਰਸਿੱਖ ਸਨ।**

## ਸੀਸ ਦੇਣ ਲਈ ਤਿਆਰ

ਦਿੱਲੀ ਵਿਚ ਕਾਜ਼ੀਆਂ ਨਾਲ ਧਾਰਮਿਕ ਬਹਿਸ ਹੋਈ ਜਿਸ ਵਿਚ ਕਾਜ਼ੀ ਗੁਰੂ ਸਾਹਿਬ ਦੇ ਜਲੋਅ ਤਾਬ ਨਹੀਂ ਝੱਲ ਸਕੇ। ਤਾਂ ਦੋ ਟੁੱਕ ਗੱਲ ਮੁਕਾਉਣ ਲਈ ਗੁਰੂ ਸਾਹਿਬ ਨੂੰ ਪਹਿਲੀ ਗੱਲ ਇਹ ਕਹੀ ਕਿ ਉਹ ਇਸਲਾਮ ਧਰਮ ਕਬੂਲ ਕਰ ਲੈਣ ਜੇ ਇਹ ਨਹੀ ਕਰਦੇ ਤਾਂ ਕੋਈ ਕਰਾਮਾਤ ਵਿਖਾਉਣ, ਜੇ ਕਰਾਮਾਤ ਨਹੀਂ ਵਿਖਾਂਉਂਦੇ ਤਾਂ ਸੀਸ ਦੇਣ ਲਈ ਤਿਆਰ ਹੋ ਜਾਣਾ। ਗੁਰੂ ਜੀ ਨੇ ਕਿਹਾ ਕਿ ਧਰਮ ਛੱਡਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਕਰਾਮਾਤ 'ਤੇ ਸਾਡਾ ਵਿਸ਼ਵਾਸ ਨਹੀਂ ਹੈ। ਸੀਸ ਦੇਣ ਲਈ ਹੀ ਅਸੀਂ ਆਏ ਹਾਂ। ਆਖਿਰ ਹਕੂਮਤ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫਤਵਾ ਦੇ ਦਿੱਤਾ

## ਸਿੱਖਾਂ ਦੇ ਸਬਰ ਦੀ ਪਰਖ

24 ਨਵੰਬਰ 1675 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਡਰਾਉਣ ਦੀ ਖਾਤਰ ਪਹਿਲਾਂ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਭਾਈ ਮਤੀ ਦਾਸ ਜੀ ਨੂੰ ਉਹਨਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਦੋ ਫਾੜ ਕੀਤਾ। ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦਿੱਲੀ ਚਾਂਦਨੀ ਚੌਂਕ ਵਿਚ ਫੁਹਾਰਾ ਚੌਂਕ ਤੇ ਕੀਤੀ ਗਈ। ਮਗਰੋਂ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕਰਨ ਲਈ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ।

## ਗੁਰੂ ਜੀ ਦੀ ਸ਼ਹਾਦਤ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 24 ਨਵੰਬਰ ਸੰਨ 1675 ਨੂੰ ਚਾਂਦਨੀ ਚੌਂਕ ਵਿਚ ਜਲਾਲੁਦੀਨ ਸਮਾਣੇ ਵਾਲੇ ਜੱਲਾਦ ਦੀ ਤਲਵਾਰ ਨਾਲ ਸ਼ਹੀਦ ਕਰਵਾਇਆ ਗਿਆ। ਜਿਸ ਥਾਂ ਇਹ ਸ਼ਹਾਦਤ ਹੋਈ ਉਸ ਥਾਂ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਹੈ।

## ਗੁਰੂ ਸਾਹਿਬ ਦੇ ਧੜ ਦੀ ਸੰਭਾਲ

ਭਾਈ ਜੈਤਾ ਜੀ ਤੇ ਭਾਈ ਊਦਾ ਜੀ ਨੇ ਭਾਈ ਲੱਖੀ ਸ਼ਾਹ ਵਣਜਾਰੇ, ਭਾਈ ਨਾਨੂੰ ਮੱਲ, ਆਦਿ ਨਾਲ ਸਲਾਹ ਮਸ਼ਵਰਾ ਕਰਕੇ ਗੁਰੂ ਜੀ ਦਾ ਧੜ ਤੇ ਸੀਸ ਸੰਭਾਲਣ ਬਾਰੇ ਵਿਉਂਤ ਬਣਾਈ। ਭਾਈ ਲੱਖੀ ਸ਼ਾਹ ਗੱਡੇ ਲੈ ਕੇ ਲਾਲ ਕਿਲੇ ਵਿਚ ਚੂਨਾ ਕਲੀ ਸੁੱਟ ਕੇ ਚਾਂਦਨੀ ਚੌਂਕ ਵਿਚੋਂ ਲੰਘਿਆ। ਮਿਥੇ ਪ੍ਰੋਗਰਾਮ ਅਨੁਸਾਰ ਭਾਈ ਉਦੈ ਨੇ ਜੋ ਮੁਸਲਮਾਨੀ ਭੇਸ ਵਿਚ ਸੀ, ਸਤਿਗੁਰੂ ਜੀ ਦਾ ਧੜ, ਗੱਡੇ ਵਿਚ ਰੱਖ ਲਿਆ, ਪੰਜ ਕਿਲੋਮੀਟਰ ਜਾ ਕੇ ਪਿੰਡ ਰਕਾਬ ਗੰਜ ਵਿਖੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕਰ ਦਿੱਤਾ। ਜਿਥੇ ਅੱਜ ਕਲ੍ਹ ਗੁਰਦੁਆਰਾ ਰਕਾਬ ਗੰਜ ਹੈ।

## ਗੁਰੂ ਸਾਹਿਬ ਦੇ ਸੀਸ ਦੀ ਸੰਭਾਲ

ਉਧਰ ਭਾਈ ਜੈਤਾ ਜੀ ਅਤੇ ਭਾਈ ਨਾਨੂ ਜੀ ਸੀਸ ਦੀ ਸੰਭਾਲ ਲਈ ਤਿਆਰ ਸਨ। ਉਨ੍ਹਾਂ ਨੇ ਮੌਕਾ ਲੱਗਣ ਤੇ ਗੁਰੂ ਜੀ ਦਾ ਪਵਿਤਰ ਸੀਸ ਚੁੱਕਿਆ। ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਲ ਚੱਲ ਪਏ। ਭਾਈ ਆਗਿਆ, ਭਾਈ ਊਦਾ ਤੇ ਨਾਨੂੰ ਜੀ ਵੀ ਰਸਤੇ ਵਿਚ ਮਿਲ ਗਏ। ਚਾਰੇ ਸਿੱਖ ਸੀਸ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੇ। ਗੁਰੂ ਜੀ ਨੇ ਗਲ ਨਾਲ ਲਾਇਆ ਤੇ ਭਾਈ ਜੈਤਾ ਜੀ ਨੂੰ "ਰੰਘਰੇਟੇ ਗੁਰੂ ਕੇ ਬੇਟੇ" ਕਹਿ ਕੇ ਸਨਮਾਨਿਆ ਅਤੇ ਬਾਕੀ ਗੁਰਸਿੱਖਾਂ ਨੂੰ ਵੀ ਅਸੀਸਾਂ ਬਖਸ਼ੀਆਂ। ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉੱਥੇ ਅੱਜ ਕਲ੍ਹ ਗੁਰਦੁਆਰਾ ਸੀਸ ਗੰਜ (ਸ੍ਰੀ ਅਨੰਦਪੁਰ ਸਾਹਿਬ) ਸ਼ਸ਼ੋਭਿਤ ਹੈ।

## ਸਿਰਫ ਜਾਣਕਾਰੀ ਹਿੱਤ/ਰੌਚਕ ਤੱਥ

ਰੋਪੜ ਲਾਗੇ ਮਲਕਪੁਰ ਰੋਪੜੀ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖਾਂ ਨੇ ਗੁਰੂ ਸਾਹਿਬ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਅਬਦੁਲ ਅਜੀਜ ਦਿਲਾਵਰ ਖਾਂ ਹਾਕਮ ਸਰਹੰਦ ਪਾਸ ਪਹੁੰਚਾ ਦਿੱਤਾ। ਜਿੱਥੇ ਕਿ ਆਪ ਲਗਭਗ ਪੌਣੇ ਚਾਰ ਮਹੀਨੇ ਬਸੀ ਪਠਾਣਾਂ ਦੇ ਵੱਡੇ ਬੰਦੀਖਾਨੇ ਵਿੱਚ ਰਹੇ। ਆਪ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੱਤੇ ਗਏ ਇੱਥੇ ਆਪਦੀ ਯਾਦ ਵਿੱਚ ਉਦਾਸੀ ਸਾਧੂਆਂ ਵੱਲੋਂ ਬਣਾਇਆ ਗੁਰ ਅਸਥਾਨ ਹੈ।

ਸਾਧੋ ਇਹ ਤਨ ਮਿਥਿਆ ਜਾਨੋ ਦਾ ਹੋਕਾ ਦੇਣ ਵਾਲਾ ਮਹਾਂਪੁਰਸ਼ ਹਿੰਦੁਸਤਾਨ ਦੀ ਧਾਰਮਿਕ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਆਪਣੀ ਸ਼ਹਾਦਤ ਦੇ ਗਿਆ।

## ਪਾਠ ਦਾ ਮੂਲ ਉਦੇਸ਼

ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦਿਆਂ ਆਪਣਾ ਆਪ ਕੁਰਬਾਨ ਕਰ ਦੇਣਾ। ਗੁਰੂ ਸਾਹਿਬ ਵੱਲੋਂ ਲੁਕਾਈ ਨੂੰ ਪ੍ਰੇਰਿਤ ਕਰਦਿਆਂ ਸੁਨੇਹਾ ਦੇਣਾ ਕਿ ਜ਼ੁਲਮ ਵਿਰੁੱਧ ਡਟੋ ਅਤੇ ਮੌਤ ਦਾ ਭੈ ਤਿਆਗ ਕੇ ਆਪਣੇ ਹੱਕਾਂ ਦੀ ਰਾਖੀ ਕਰੋ।

ਗੁਰੂ ਸਾਹਿਬ ਦੇ ਸਾਹਮਣੇ ਗੁਰੂ ਸਿੱਖਾਂ ਨੂੰ ਸ਼ਹਾਦਤ ਦਾ ਚਾਅ ਅਤੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਵਿੱਚ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦਾ ਉਤਸ਼ਾਹ।

## ਜਾਣਕਾਰੀ ਹਿੱਤ

ਗੁਰੂ ਸਾਹਿਬ ਜੀ ਦੀਆਂ ਤਿੰਨ ਗ੍ਰਿਫਤਾਰੀਆਂ ਹੋਈਆਂ।

ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਸਰੀਰ ਤੋਂ ਛੋਟੇ ਆਕਾਰ ਦੇ ਪਿੰਜਰੇ ਵਿੱਚ ਰੱਖਿਆ ਗਿਆ ਜਿਸ ਦੀਆਂ ਸੂਲਾਂ ਉੱਪਰ ਜਹਿਰ ਲੱਗਿਆ ਹੋਇਆ ਸੀ।

ਕਾਜ਼ੀ ਵਹਾਬ ਅਲੀ ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਫਤਵਾ ਜਾਰੀ ਕੀਤਾ ਬਹੁਤ ਹੀ ਲਾਲਚੀ ਕਿਸਮ ਦਾ ਇਨਸਾਨ ਸੀ ਉਸਦੇ ਮਰਨ ਉਪਰੰਤ ਉਸ ਦੇ ਘਰੋਂ 40 ਕਿਲੋ ਸੋਨਾ 100 ਕਿਲੋ ਚਾਂਦੀ ਅਤੇ ਹਜ਼ਾਰਾਂ ਮੋਹਰਾਂ ਨਿਕਲੀਆਂ।

## ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਔਰੰਗਜ਼ੇਬ ਦੀ ਨਵੀਂ ਨੀਤੀ ਦਾ ਹਿੰਦੁਸਤਾਨ ਤੇ ਕੀ ਅਸਰ ਹੋਇਆ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀ ਵਿਉਂਤਬੰਦੀ ਕੀਤੀ?

..........................................................................................................................

..........................................................................................................................

2. ਕਸ਼ਮੀਰ ਵਿੱਚ ਸ਼ੇਰ ਇਫ਼ਤਿਆਰ ਖਾਨ ਤਲਵਾਰ ਦੇ ਜ਼ੋਰ ਨਾਲ ਧਰਮ ਤਬਦੀਲ ਕਰ ਰਿਹਾ ਸੀ ਤੇ ਉਥੋਂ ਦੇ ਪੰਡਤਾਂ ਨੇ ਕੀ ਕੀਤਾ ਤੇ ਗੁਰੂ ਸਾਹਿਬ ਜੀ ਨੇ ਕੀ ਹੌਸਲਾ/ਧਰਵਾਸ ਦਿੱਤਾ?

..........................................................................................................................

..........................................................................................................................

3. ਗੁਰੂ ਸਾਹਿਬ ਨੂੰ ਮਿਲਣ ਤੋਂ ਬਾਅਦ ਵਿੱਚ ਕਸ਼ਮੀਰੀ ਪੰਡਤਾਂ ਨੇ ਔਰੰਗਜ਼ੇਬ ਨੂੰ ਕੀ ਹੁਕਮ ਭੇਜਿਆ?

..........................................................................................................................

..........................................................................................................................

4. ਗੁਰੂ ਸਾਹਿਬ ਜੀ ਦੀਆਂ ਕਿਤਨੀਆਂ ਗ੍ਰਿਫ਼ਤਾਰੀਆਂ ਹੋਈਆਂ ਅਤੇ ਕਾਜ਼ੀ ਕਿਉਂ ਘਬਰਾ ਗਏ?

..........................................................................................................................

..........................................................................................................................

5. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਿਉਂ ਕਿਵੇਂ ਅਤੇ ਕਿੱਥੇ ਕੀਤਾ ਗਿਆ?

..........................................................................................................................

..........................................................................................................................

## ਸਹੀ ਸ਼ਬਦ ਦੀ ਚੋਣ ਕਰਕੇ ਖਾਲੀ ਥਾਵਾਂ ਭਰੋ

1. ਕਸ਼ਮੀਰੀ ਪੰਡਿਤ ਮਟਨ ਨਿਵਾਸੀ................ ਪੰਡਤਾਂ ਨੂੰ ਨਾਲ ਲੈ ਕੇ ਗੁਰੂ ਜੀ ਕੋਲ ਫਰਿਆਦੀ ਹੋਏ।
2. ਔਰੰਗਜ਼ੇਬ ਦੇ................ਤੋਂ ਤੰਗ ਆ ਕੇ ਸਹਾਇਤਾ ਲਈ ਤਰਲਾ ਲਿਆ।
3. ਦਿੱਲੀ ਵਿੱਚ ਕਾਜ਼ੀਆਂ ਨਾਲ ਧਾਰਮਿਕ ਬਹਿਸ ਹੋਈ ਜਿਸ ਵਿੱਚ ਕਾਜ਼ੀ ਗੁਰੂ ਸਾਹਿਬ ਦੀ................ਨਹੀਂ ਝੱਲ ਸਕੇ।
4. ਜਿੱਥੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ ਉੱਥੇ ਅੱਜ ਕੱਲ................ਹੈ।
5. ਚਾਂਦਨੀ ਚੌਂਕ ਵਿੱਚ ਸਮਾਣੇ ਦੇ ਜਲਾਦ ਜਲਾਲੁਦੀਨ ਵੱਲੋਂ ਤਲਵਾਰ ਨਾਲ ਗੁਰੂ ਸਾਹਿਬ ਜੀ ਨੂੰ................ਕੀਤਾ ਗਿਆ।

## ਹੇਠ ਦਿੱਤੀਆਂ ਤਸਵੀਰਾਂ ਨੂੰ ਪਹਿਚਾਣੋ ਅਤੇ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।



______________________________________________

______________________________________________

______________________________________________

______________________________________________









**ਭਾਈ ਜੈਤਾ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਸਫਰਨਾਮਾ ਤਿਆਰ ਕਰੋ। ਸੀਸ ਗੰਜ ਤੋਂ ਸੀਸ ਗੰਜ।**

## ਸਿੱਖਿਆ

ਮਨੁੱਖੀ ਅਧਿਕਾਰਾਂ ਲਈ ਆਪਣਾ ਆਪ ਕੁਰਬਾਨ ਕਰ ਦੇਣਾ, ਦੂਜਿਆਂ ਦੇ ਘਰ ਆਬਾਦ ਕਰਨ ਲਈ ਆਪਣਾ ਘਰ ਬਰਬਾਦ ਕਰ ਲੈਣਾ, ਦੂਜਿਆਂ ਦੇ ਚਿਹਰੇ ਤੇ ਰੌਣਕ ਲਿਆਉਣ ਲਈ ਆਪਣੀ ਗਰਦਨ ਨੂੰ ਕਟਾ ਲੈਣਾ ਆਪਣੇ ਆਪ ਦੇ ਵਿੱਚ ਬਹੁਤ ਵੱਡਾ ਇਤਿਹਾਸ ਹੈ।

## ਸਾਡੇ ਕਰਨ ਯੋਗ

ਭਾਈ ਜੈਤਾ ਜੀ, ਭਾਈ ਊਦਾ ਜੀ, ਭਾਈ ਲੱਖੀ ਸ਼ਾਹ ਵਣਜਾਰਾ, ਭਾਈ ਨਾਨੂੰ ਮਲ, ਆਦਿ ਸਿੱਖਾਂ ਨੇ ਉਸ ਵਕਤ ਔਖੇ ਹਾਲਾਤਾਂ ਵਿੱਚ ਗੁਰੂ ਸਾਹਿਬ ਜੀ ਦਾ ਸੀਸ ਅਤੇ ਧੜ ਸੰਭਾਲਿਆ, ਸਾਡਾ ਫਰਜ਼ ਹੈ ਕਿ ਅੱਜ ਅਸੀਂ ਗੁਰੂ ਦੀ ਵਿਚਾਰਧਾਰਾ ਬਾਣੀ ਅਤੇ ਸਿਧਾਂਤ ਸੰਭਾਲੀਏ।

ਜਿਵੇਂ ਇਹਨਾਂ ਮਹਾਨ ਗੁਰਸਿੱਖਾਂ ਨੇ ਗੁਰੂ ਜੀ ਦਾ ਸੀਸ ਅਤੇ ਧੜ ਸੰਭਾਲਣ ਲਈ ਪਹਿਰਾ ਦਿੱਤਾ ਅਸੀਂ ਗੁਰੂ ਦੇ ਸਿਧਾਂਤਾਂ ਦੇ ਪਹਿਰੇਦਾਰ ਬਣੀਏ।

# ਆਦਰਸ਼ਕ ਮਨੁਖ ਦੇ ਗੁਣ

**ਜੋ ਨਰੁ, ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥ ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥ ੧ ॥ ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥ ਗੁਰ, ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥ ਨਾਨਕ, ਲੀਨ ਭਇਓ ਗੋ ਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥ (ਪੰਨਾ : ੬੩੩)**

## ਪਦ ਅਰਥ

ਦੁਖ ਮੈ- ਦੁੱਖ ਵਿਚ। ਜਾਕੇ- ਜਿਸਦੇ ਮਨ ਵਿਚ। ਹਰਖ ਸੋਗ ਤੇ- ਖੁਸ਼ੀ ਤੇ ਗਮੀ ਤੋਂ। ਮਨਸਾ- ਮਨੋਕਾਮਨਾ। ਪਰਸੈ- ਛੂੰਹਦਾ। ਤਿਹ ਘਟਿ - ਉਸਦੇ ਹਿਰਦੇ ਵਿਚ। ਬ੍ਰਹਮ ਨਿਵਾਸਾ- ਪਰਮਾਤਮਾ ਦਾ ਨਿਵਾਸ। ਗੁਰਿ- ਗੁਰੂ ਨੇ। ਸਿਉ- ਨਾਲ, ਵਿਚ। ਸੰਗਿਨਾਲ।

## ਭੂਮਿਕਾ

ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਮਨੁੱਖ ਦੇ ਆਦਰਸ਼ ਮਨੁੱਖ ਬਣਨ ਲਈ ਧਾਰਣ ਕੀਤੇ ਜਾਣ ਵਾਲੇ ਗੁਣਾਂ ਦਾ ਵਰਣਨ ਵਿਸਥਾਰ ਸਹਿਤ ਕੀਤਾ ਹੈ।

## ਭਾਵ ਅਰਥ

ਹੇ ਭਾਈ ! ਜਿਹੜਾ ਮਨੁਖ ਦੁੱਖ ਵਿਚ ਘਬਰਾਂਦਾ ਨਹੀਂ, ਸੁੱਖਾਂ ਦਾ ਬਹੁਤਾ ਲਾਲਚ ਨਹੀਂ ਕਰਦਾ। ਜਿਸਦੇ ਮਨ ਵਿਚ ਕਿਸੇ ਕਿਸਮ ਦਾ ਡਰ ਨਹੀਂ ਅਤੇ ਜੋ ਸਭ ਕੁਝ ਸਮਾਨ ਹੀ ਸਮਝਦਾ ਹੈ। ਉਸ ਮਨੁੱਖ ਨੂੰ ਹੀ ਆਪਣੇ ਵਸ ਰਹੇ ਪਰਮਾਤਮਾ ਦੀ ਸੋਝੀ ਹੋ ਸਕਦੀ ਹੈ। ਹੇ ਭਾਈ! ਜਿਸ ਮਨੁੱਖ ਦੇ ਅੰਦਰ ਕਿਸੇ ਦੀ ਨਿੰਦਿਆ ਜਾਂ ਖੁਸ਼ਾਮਦ ਕਰਨ ਦੀ ਭਾਵਨਾ ਨਹੀਂ ਹੈ ਅਤੇ ਨਾ ਹੀ ਲਾਲਚ ਤੇ ਹੰਕਾਰ ਵਿਚ ਫਸਿਆ ਹੈ। ਉਹ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ ਉਸਨੂੰ ਆਦਰ ਜਾਂ ਉਸਤਤ ਭਰਮਾ ਨਹੀਂ ਸਕਦੀ ਅਤੇ ਨਾ ਹੀ ਉਹ ਨਿਰਾਦਰੀ ਤੋਂ ਘਬਰਾਂਦਾ ਹੈ। ਉਹ ਮਨੁਖ ਹੀ ਆਪਣੇ ਹਿਰਦੇ ਵਿਚ ਵਸੇ ਹੋਏ ਪਰਮਾਤਮਾ ਨੂੰ ਪਛਾਣ ਸਕਦਾ ਹੈ। ਹੇ ਭਾਈ ! ਜਿਹੜਾ ਮਨੁੱਖ ਸਾਰੀਆਂ ਆਸਾਂ ਉਮੀਦਾਂ ਦਾ ਤਿਆਗ ਕਰ ਦਿੰਦਾ ਹੈ, ਤੇ ਸੰਸਾਰ ਵਿਚ ਖਚਤ ਨਹੀਂ ਹੁੰਦਾ। ਜਿਸਨੂੰ ਕਾਮ, ਕ੍ਰੋਧ ਛੂਹ ਨਹੀਂ ਸਕਦੀ, ਉਹ ਮਨੁਖ ਹੀ ਆਪਣੇ ਹਿਰਦੇ ਵਿਚ ਵਸ ਰਹੇ ਪਰਮਾਤਮਾ ਨੂੰ ਪਛਾਣ ਸਕਦਾ ਹੈ। ਪਰ ਹੇ ਨਾਨਕ! ਜਿਸ ਮਨੁੱਖ ਉਤੇ ਗੁਰੂ ਨੇ ਕਿਰਪਾ ਕੀਤੀ ਹੈ ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ, ਉਹ ਮਨੁਖ ਪਰਮਾਤਮਾ ਨਾਲ ਇਸ ਤਰ੍ਹਾਂ ਇਕ ਮਿਕ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ।

ਇੱਕ ਨਗਰ ਵਿੱਚ ਇੱਕ ਬਹੁਤ ਹੀ ਸੂਝਵਾਨ ਅਤੇ ਸੁਲਝਿਆ ਹੋਇਆ ਮਨੁੱਖ ਰਹਿੰਦਾ ਸੀ। ਉਹ ਜੁਬਾਨ ਤੋ ਹਰ ਵਕਤ ਤੇਰਾ ਸ਼ੁਕਰ ਹੈ ਤੂੰ ਹੀ ਹੈ, ਤੇਰੀ ਹੀ ਮਿਹਰ ਹੈ, ਜੋ ਤੂੰ ਕਰੇਗਾ ਸੋ ਭਲਾ ਕਰੇਗਾ ਅਕਸਰ ਬੋਲਦਾ ਰਹਿੰਦਾ। ਉਸ ਨੇ ਘੋੜੇ ਰੱਖੇ ਹੋਏ ਸਨ ਅਚਾਨਕ ਉਸਦੇ ਘੋੜੇ ਦੀ ਮੌਤ ਹੋ ਗਈ। ਲੋਕ ਅਫਸੋਸ ਕਰਨ ਆਏ ਤਾਂ ਉਸਨੇ ਕਿਹਾ ਸਭ ਭਲਾ ਹੈ, ਜੋ ਰੱਬ ਕਰਦਾ ਹੈ ਸੋ ਠੀਕ ਕਰਦਾ ਹੈ। ਥੋੜੇ ਦਿਨ ਗੁਜਰੇ ਤੇ ਉਸ ਦੇ ਪੁੱਤਰ ਦੀਆਂ ਦੋਨੋਂ ਲੱਤਾਂ ਟੁੱਟ ਗਈਆਂ। ਲੋਕ ਫਿਰ ਅਫਸੋਸ ਕਰਨ ਆਏ ਤਾਂ ਕਹਿਣ ਲੱਗੇ ਕਿ ਭਾਈ ਤੂੰ ਹਮੇਸ਼ਾ ਰੱਬ ਦਾ ਸ਼ੁਕਰ ਕਰਦਾ ਹੈ, ਰੱਬ ਦੇ ਭਲੇ ਦੀ ਗੱਲ ਕਰਦਾ ਹੈ, ਇਹ ਤੇਰੇ ਨਾਲ ਕੀ ਭਾਣਾ ਵਾਪਰ ਗਿਆ ਤੇਰੇ ਪੁੱਤਰ ਦੀਆਂ ਦੋਨੋਂ ਲੱਤਾਂ ਟੁੱਟ ਗਈਆਂ ਉਹ ਮੰਜੇ ਤੇ ਪੈ ਗਿਆ ਹੈ। ਹੁਣ ਤੇਰਾ ਜਿੰਦਗੀ ਗੁਜ਼ਾਰਨਾ ਔਖਾ ਹੋ ਜਾਏਗਾ। ਉਹ ਭਾਈ ਮੁਸਕਰਾਇਆ ਤੇ ਕਹਿਣ ਲੱਗਾ ਕਿ ਹਾਂ ਰੱਬ ਜੋ ਕਰਦਾ ਹੈ ਭਲਾ ਕਰਦਾ ਹੈ , ਚੰਗਾ ਕਰਦਾ ਹੈ। ਮੇਰੇ ਨਾਲੋਂ ਵੱਧ ਫਿਕਰ ਉਸ ਰੱਬ ਨੂੰ ਹੈ।

ਲੋਕ ਆਪਣੀ ਸਮਝ ਮੁਤਾਬਕ ਉਸ ਨਾਲ ਅਫਸੋਸ ਕਰਕੇ ਚਲੇ ਗਏ। ਉਹ ਰੱਬੀ ਰੂਹ ਰੱਬ ਦਾ ਸ਼ੁਕਰ ਕਰ ਰਿਹਾ ਸੀ। ਥੋੜੇ ਦਿਨ ਗੁਜਰੇ ਉਸ ਮੁਲਕ ਦੇ ਰਾਜੇ ਦੀ ਦੂਸਰੇ ਰਾਜੇ ਨਾਲ ਜੰਗ ਛਿੜ ਗਈ, ਰਾਜੇ ਨੇ ਐਲਾਨ ਕੀਤਾ ਕਿ ਜਿਹੜੇ ਲੋਕਾਂ ਕੋਲ ਘੋੜੇ ਹਨ ਉਹ ਲੋਕ ਆਪਣੇ ਘੋੜਿਆਂ ਸਮੇਤ ਆਪਣੇ ਨੌਜਵਾਨ ਬੱਚਿਆਂ ਨੂੰ ਮੇਰੀ ਫੌਜ ਵਿੱਚ ਸ਼ਾਮਿਲ ਕਰਨ ਤਾਂ ਕਿ ਅਸੀਂ ਜੰਗ ਜਿੱਤ ਸਕੀਏ। ਉਸ ਪਿੰਡ ਦੇ ਜਿੰਨੇ ਨੌਜਵਾਨ ਸਨ ਸਾਰੇ ਘਬਰਾ ਗਏ ਕਿਉਂਕਿ ਜੰਗ

ਲੱਗਣ ਨਾਲ ਉਹਨਾਂ ਦੀ ਜਾਨ ਵੀ ਜਾ ਸਕਦੀ ਸੀ। ਉਹ ਘਬਰਾਏ ਹੋਏ ਲੋਕ ਉਸ ਰੱਬੀ ਰੂਹ ਦੇ ਕੋਲ ਆਏ ਤੇ ਆ ਕੇ ਕਹਿਣ ਲੱਗੇ ਹਾਂ ਭਾਈ ਤੂੰ ਸਹੀ ਕਹਿੰਦਾ ਸੀ, ਰੱਬ ਜੋ ਕਰਦਾ ਹੈ ਚੰਗਾ ਕਰਦਾ ਹੈ, ਹੁਣ ਜੰਗ ਲੱਗ ਗਈ ਹੈ ਸਾਡੇ ਪੁੱਤਰ ਸਹੀ ਸਲਾਮਤ ਹਨ ਸਾਨੂੰ ਇਹਨਾਂ ਨੂੰ ਜੰਗ ਵਿੱਚ ਭੇਜਣਾ ਪਵੇਗਾ, ਹੋ ਸਕਦਾ ਹੈ ਇਹਨਾਂ ਦੀ ਜਾਨ ਵੀ ਚਲੀ ਜਾਵੇ ਪਰ ਤੇਰਾ ਪੁੱਤਰ ਤੇਰੇ ਕੋਲ ਹੀ ਰਹੇਗਾ।

ਬਸ ਫਰਕ ਹੈ ਕਿ ਅਸੀਂ ਰੱਬ ਦੇ ਦਿੱਤੇ ਹੋਏ ਦੁੱਖਾਂ ਨੂੰ ਉਹਦੀਆਂ ਰਹਿਮਤਾਂ ਨੂੰ ਮਹਿਸੂਸ ਕਿਵੇਂ ਕਰਨਾ ਹੈ। ਜੇ ਉਹ ਦੁੱਖ ਦੇ ਰਿਹਾ ਹੈ ਤਾਂ ਇਸ ਦੇ ਪਿੱਛੇ ਸੁੱਖ ਵੀ ਆਉਣਗੇ, ਜੇ ਸੁੱਖ ਦਿੱਤੇ ਹਨ ਤੇ ਹੋ ਸਕਦਾ ਹੈ ਇਸ ਪਿੱਛੇ ਦੁੱਖ ਵੀ ਆ ਜਾਣ। ਬਸ ਸਾਨੂੰ ਸਮਝ ਆਉਣੀ ਚਾਹੀਦੀ ਹੈ ਕਿ ਅਸੀਂ ਆਪਣੇ ਜੀਵਨ ਨੂੰ ਕਿਵੇਂ ਗੁਜ਼ਾਰਨਾ ਹੈ।

## ਸਿਰਫ ਜਾਣਕਾਰੀ ਹਿੱਤ/ਰੌਚਕ ਤੱਥ

ਔਰੰਗਜ਼ੇਬ ਨੇ ਸਰਕਾਰੀ ਹੁਕਮ ਕੀਤਾ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਬਾਅਦ ਵਿੱਚ ਇਹਨਾਂ ਦੇ ਸਰੀਰ ਦੇ ਚਾਰ ਟੁਕੜੇ ਕਰਕੇ ਦਿੱਲੀ ਦੇ ਚਾਰੇ ਦਰਵਾਜ਼ਿਆਂ ਉੱਤੇ ਟੰਗੇ ਜਾਣ ਤਾਂ ਕਿ ਲੋਕਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ, ਮੁੜ ਕੋਈ ਕਿਸੇ ਦੇ ਹੱਕਾਂ ਲਈ ਆਵਾਜ਼ ਬੁਲੰਦ ਨਾ ਕਰੇ। ਪਰ ਸਿੱਖਾਂ ਦੀ ਦੂਰ ਅੰਦੇਸ਼ੀ ਹਿੰਮਤ ਅਤੇ ਦਲੇਰੀ ਸਦਕਾ ਗੁਰਸਿੱਖਾਂ ਨੇ ਗੁਰੂ ਸਾਹਿਬ ਜੀ ਦਾ ਸੀਸ ਅਤੇ ਧੜ ਦੀ ਸੰਭਾਲ ਕਰ ਲਈ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਦੁਖ ਮੈ | ਮਨੋਕਾਮਨਾ |
| ਜਾਕੇ | ਉਸਦੇ ਹਿਰਦੇ ਵਿਚ |
| ਹਰਖ ਸੋਗ ਤੇ | ਗੁਰੂ ਨੇ |
| ਮਨਸਾ | ਛੂੰਹਦਾ |
| ਪਰਸੈ | ਦੁੱਖ ਵਿਚ |
| ਤਿਹ ਘਟਿ | ਜਿਸਦੇ ਮਨ ਵਿਚ |
| ਬ੍ਰਹਮ ਨਿਵਾਸਾ | ਨਾਲ,ਵਿਚ |
| ਗੁਰਿ | ਖੁਸ਼ੀ ਤੇ ਗਮੀ ਤੋਂ |
| ਸਿਉ | ਪਰਮਾਤਮਾ ਦਾ ਨਿਵਾਸ |

## ਪੰਕਤੀਆਂ ਪੂਰੀਆਂ ਕਰੋ

1.ਨਹ ਨਿੰਦਿਆ ਨਹ ਉਸਤਤਿ ਜਾ ਕੈ,................................॥

2................................, ਨਾਹਿ ਮਾਨ ਅਪਮਾਨਾ ॥ ੧ ॥

3.ਆਸਾ ਮਨਸਾ ਸਗਲ ਤਿਆਗੈ,................................॥

4................................, ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥

5.ਗੁਰ, ਕਿਰਪਾ ਜਿਹ ਨਰ ਕਉ ਕੀਨੀ,................................॥

6.ਨਾਨਕ,................................ਪਾਨੀ ਸੰਗਿ ਪਾਨੀ ॥ ੩ ॥ ੧੧ ॥

## ਆਉ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਇਸ ਸ਼ਬਦ ਰਾਹੀਂ ਗੁਰੂ ਸਾਹਿਬ ਸਾਡੇ ਅੰਦਰ ਕਿਹੜੇ ਗੁਣ ਪੈਦਾ ਕਰਨਾ ਚਾਹੁੰਦੇ ਹਨ?

.......................................................................................................................................

.......................................................................................................................................

2. ਗੁਰੂ ਸਾਹਿਬ ਬ੍ਰਹਮ ਨਿਵਾਸ ਤਾਂ ਟਿਕਾਣਾ ਕਿਹੋ ਜਿਹੇ ਮਨੁੱਖ ਨੂੰ ਦੱਸਦੇ ਹਨ?

.......................................................................................................................................

.......................................................................................................................................

3. ਜ਼ਿੰਦਗੀ ਅੰਦਰ ਗੁਣ ਭਰਨ ਦੀ ਜੁਗਤੀ ਕਿੱਥੋਂ ਅਤੇ ਕਿਸ ਤਰ੍ਹਾਂ ਪ੍ਰਾਪਤ ਹੁੰਦੀ ਹੈ?

.......................................................................................................................................

.......................................................................................................................................

4. ਨਾਨਕ ਲੀਨ ਭਇਓ ਗੋਬਿੰਦ ਸਿਉ ਦਾ ਕੀ ਅਰਥ ਹੈ?

.......................................................................................................................................

.......................................................................................................................................

5. ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਕਤੀਆਂ ਦੇ ਅਰਥ ਆਪਣੇ ਸ਼ਬਦਾਂ ਵਿੱਚ ਲਿਖੋ?

.......................................................................................................................................

.......................................................................................................................................

ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਸ਼ਬਦ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

.......................................................................................................................................

.......................................................................................................................................

ਅਸੀਂ ਇਸ ਸ਼ਬਦ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

.......................................................................................................................................

.......................................................................................................................................

## ਸਮੁੱਚਾ ਭਾਵ

ਇਸ ਸ਼ਬਦ ਰਾਹੀਂ ਗੁਰੂ ਸਾਹਿਬ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਦੁਖ ਮਨੁੱਖ ਦੀ ਜ਼ਿੰਦਗੀ ਵਿੱਚ ਸੁਭਾਵਿਕ ਆਉਣੇ ਹਨ ਪਰ ਉਹਨਾਂ ਦੁੱਖਾਂ ਨੂੰ ਜੋ ਮਨੁੱਖ ਆਪਣੇ ਆਪ ਉੱਪਰ ਹਾਵੀ ਨਹੀਂ ਹੋਣ ਦਿੰਦਾ,ਸੁਖ, ਡਰ,ਲਾਲਚ, ਉਸਤਤਿ ਉਸਤਤ,ਨਿੰਦਿਆ, ਦੁਖ ਅਪਮਾਨ ਸਭ ਤਿਆਗ ਦਿੰਦਾ ਹੈ, ਕਾਮ ਕ੍ਰੋਧ ਵਰਗੀ ਬਿਮਾਰੀ ਨੂੰ ਲਾਗੇ ਨਹੀਂ ਲਗਣ ਦਿੰਦਾ ਮਾਨੋ ਅਜਿਹੇ ਮਨੁੱਖ ਵਿੱਚ ਪ੍ਰਭੂ ਵਾਸ ਕਰਦਾ ਹੈ।

# ਦੁਖ ਦਾ ਕਾਰਨ ਤੇ ਦੁਖ ਦੂਰ ਕਿਵੇ ਕਰਨਾ ਹੈ

**ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥ ੧ ॥ ਰਹਾਉ ॥ ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨਿ ਨਹੀ ਆਵੈ ॥ ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ ੧ ॥ ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥ ੨ ॥ ੨ ॥ (ਪੰਨਾ ਨੰ ੮੩੦)**

## ਪਦ ਅਰਥ

ਸਹਸਾ - ਸੰਸਾ, ਭੁਲੇਖਾ, ਸਹਿਮ। ਚੂਕੇ- ਮੁੱਕਦਾ। ਭੇਦੁ- ਜੀਵਨ ਮਾਰਗ ਦਾ ਗੁੱਝਾ ਭੇਦ, ਡੂੰਘੀ ਗੱਲ। ਜਸੁ- ਸਿਫਤਿ ਸਾਲਾਹ। ਜੱਗ- ਯੱਗ। ਜੋਗ- ਜੋਗ ਸਾਧਨ। ਨਿਹਫਲ- ਵਿਅਰਥ। ਮਾਨ- ਹੰਕਾਰ। ਪਰਹਰਿ- ਤਿਆਗ ਕੇ। ਬਿਧਿ- ਢੰਗ, ਕਿਸਮ। ਜੀਵਨ ਮੁਕਤਿ- ਜੀਉਂਦਾ ਹੀ ਵਿਕਾਰਾਂ ਤੋਂ ਆਜ਼ਾਦ।

## ਭੂਮਿਕਾ

ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਮਨੁੱਖਾਂ ਦੇ ਦੁਖੀ ਰਹਿਣ ਦਾ ਕਾਰਣ ਅਤੇ ਉਸ ਕਾਰਣ ਨੂੰ ਦੂਰ ਕਰਨ ਦਾ ਢੰਗ ਦੱਸ ਕੇ ਜੀਵਨ ਨੂੰ ਵੱਧ ਤੋਂ ਵੱਧ ਸਹਿਜ ਰੂਪ ਵਿਚ ਜੀਉਣ ਦਾ ਢੰਗ ਦਸਦੇ ਹਨ।

## ਭਾਵ ਅਰਥ

ਹੇ ਭਾਈ ! ਗੁਰੂ ਜੀਵਨ ਦੇ ਰਸਤੇ ਦੀ ਡੂੰਘੀ ਗੱਲ ਦਸਦਾ ਹੈ ਕਿ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁੱਖ ਦਾ ਸਹਿਮ ਦੂਰ ਨਹੀਂ ਹੁੰਦਾ ਅਤੇ ਉਹ ਲਗਾਤਾਰ ਦੁੱਖਾਂ ਵਿਚ ਘਿਰਿਆ ਰਹਿੰਦਾ ਹੈ। ਮਨੁੱਖ ਤੀਰਥਾਂ ਤੇ ਜਾਣਾ, ਵਰਤ ਰਖਣਾ, ਜੋਗ ਸਾਧਨ ਕਰਨੇ ਅਤੇ ਯੱਗ ਆਦਿਕ ਕਰਮ ਧਰਮ ਸਭ ਵਿਅਰਥ ਹਨ। ਸਿਰਫ ਵਾਹਿਗੁਰੂ ਜੀ ਦਾ ਨਾਮ ਜਪਣਾ ਅਸਲ ਧਾਰਮਿਕ ਕਰਮ ਹੈ।ਨੌਵੇਂ ਨਾਨਕ ਸਮਝਾਉਂਦੇ ਹਨ ਕਿ ਜੋ ਮਨੁੱਖ ਹੰਕਾਰ ਅਤੇ ਮਾਇਆ ਦੇ ਮੋਹ ਨੂੰ ਛੱਡ ਕੇ ਇਕੋ ਪਰਮਾਤਮਾ ਦੇ ਗੁਣ ਗਾਉਂਦਾ ਹੈ ਉਹੀ ਮਨੁੱਖ ਵਿਕਾਰਾਂ ਦੀ ਪਕੜ ਤੋਂ ਆਜ਼ਾਦ ਰਹਿ ਸਕਦਾ ਹੈ ਅਤੇ ਜੀਵਨ ਮੁਕਤਿ ਕਹਾਉਂਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਸਾਖੀ ਆਉਂਦੀ ਹੈ-ਇਕ ਧਨਾਢ ਖੱਤ੍ਰੀ ਦਾ ਇਕੋ ਇਕ ਪੁੱਤਰ ਸੀ, ਜਿਸ ਦਾ ਨਾਮ ਪ੍ਰੇਮਾ ਸੀ। ਪ੍ਰੇਮਾ ਅਜੇ ਅੱਲੜ ਹੀ ਸੀ ਕਿ ਪਿਤਾ ਜੀ ਦੀ ਮੌਤ ਹੋ ਗਈ। ਉਹ ਲਾਹੌਰ ਦਾ ਵਾਸੀ ਸੀ। ਮੰਦੇ ਭਾਗਾਂ ਨੂੰ ਉਹ ਖੋਟੇ ਵਹਿਣੇ ਵਹਿ ਗਿਆ। ਵਿਸ਼ੇ ਵਿਕਾਰਾਂ ਅਤੇ ਮਾੜੀ ਸੰਗਤ ਕਰਕੇ ਸਾਰਾ ਸਰੀਰ ਭੀ ਗਲ ਗਿਆ, ਪ੍ਰੇਮਾ ਆਖਰ ਕੋੜ੍ਹ ਦੇ ਰੋਗ ਦਾ ਸ਼ਿਕਾਰ ਹੋ ਗਿਆ। ਇਹ ਰੋਗ ਇਤਨਾ ਚੰਦਰਾ ਹੈ ਕਿ ਇਸ ਦੀ ਲਾਗ ਤੋਂ ਡਰਦਿਆਂ ਲੋਕ ਕੋੜ੍ਹ ਦੇ ਰੋਗੀ ਨੂੰ ਵਸੋਂ ਦੇ ਨੇੜੇ ਹੀ ਨਹੀਂ ਰਹਿਣ ਦੇਂਦੇ। ਮਾੜੀ ਸੰਗਤ ਰੱਖਣ ਵਾਲੇ ਬੰਦੇ ਉਤਨਾ ਚਿਰ ਯਾਰ ਹੁੰਦੇ ਹਨ ਜਦ ਤਕ ਖਾਣ-ਪੀਣ ਦੀਆਂ ਮੌਜਾਂ ਬਣੀਆਂ ਰਹਿਣ। ਪ੍ਰੇਮਾ ਬਹੁਤ ਹੀ ਬੇ-ਸਹਾਰਾ ਹੋ ਗਿਆ। ਆਖਰ ਸਬੱਬ ਲੱਗਣ ਤੇ ਇਹ ਗੋਇੰਦਵਾਲ ਆ ਅਪੜਿਆ। ਪ੍ਰੇਮਾ ਪਿਛਲੀਆਂ ਮੰਦ ਕਰਤੂਤਾਂ ਤੋਂ ਬੜਾ ਪਛਤਾਉਂਦਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਹਿਰਦਾ ਪੰਘਰ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਵੈਦ ਭਾਈ ਲਾਲੂ ਜੀ ਰਾਹੀਂ ਪ੍ਰੇਮਾ ਜੀ ਦਾ ਆਪਣੇ ਦਵਾਖਾਨੇ ਵਿਚ ਇਲਾਜ ਕਰਵਾਇਆ ਅਤੇ ਉਸ ਦਾ ਸਰੀਰ ਨਰੋਆ ਹੋ ਗਿਆ ਅਤੇ ਉਸ ਨੂੰ ਅਗਾਂਹ ਲਈ ਕੁਰਾਹੇ ਪੈਣ ਤੋਂ ਬਚਾਉਣ ਲਈ ਇਕ ਚੰਗਾ ਗਿਆਨਵਾਨ, ਹਸਤੀ ਬਨਾਣ ਦੀ ਸੋਚ ਸੋਚੀ, ਪਰ ਜਿਸ ਗੱਭਰੂ ਦਾ ਪਿਛਲਾ ਜੀਵਨ ਇਤਨਾ ਕੁਕਰਮੀ ਰਹਿ ਚੁੱਕਿਆ ਹੋਵੇ ਉਸ ਉੱਤੇ ਇਤਬਾਰ ਕੌਣ ਕਰੇ ਅਤੇ ਉਸ ਨੂੰ ਧੀ ਕੌਣ ਦੇਵੇ?

ਇਕ ਸਿੱਖ ਗੁਰ-ਆਗਿਆ ਅਨੁਸਾਰ ਪ੍ਰੇਮੇ ਨਾਲ ਆਪਣੀ ਲੜਕੀ ਦਾ ਵਿਆਹ ਕਰਨ ਨੂੰ ਤਿਆਰ ਹੋਇਆ, ਪਰ ਉਸਦੀ ਵਹੁਟੀ ਨਾ ਮੰਨੇ। ਸ੍ਰੀ ਗੁਰੂ ਅਮਰਦਾਸ ਜੀ ਪਾਸ ਆ ਕੇ ਉਹ ਆਖਣ ਲੱਗੀ ਕਿ ਆਪਣੇ ਜਿਗਰ ਦਾ ਟੋਟਾ (ਆਪਣੀ ਬੱਚੀ) ਉਸੇ ਦੇ ਹੀ ਲੜ ਲਾ ਸਕਦੀ ਹੈ, ਜਿਸ ਦੇ ਖਾਨਦਾਨ ਦੀ ਕੁਝ ਸੂਝ-ਬੂਝ ਹੋਵੇ।

ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਪ੍ਰੇਮਾ ਸਾਡਾ ਪੁੱਤਰ ਹੈ, ਬੱਸ! ਇਹੀ ਇਸ ਦਾ ਖਾਨਦਾਨ ਹੈ। ਮਨੁੱਖਤਾ ਦੀ ਇਹ

ਇਕ ਬੇਮਿਸਾਲ ਕਦਰ ਸੀ। ਪ੍ਰੇਮੇ ਦਾ ਅਨੰਦ ਕਾਰਜ ਸਿੱਖ ਰਹੁ-ਰੀਤ ਅਨੁਸਾਰ ਹੋਇਆ। ਸਤਿਗੁਰੂ ਦੀ ਮੇਹਰ ਨਾਲ ਉਸ ਦਾ ਜੀਵਨ ਇਤਨਾ ਬਦਲਿਆ ਕਿ ਇਸ ਨਵੇਂ ਜੋੜੇ ਨੂੰ ਸਮੇਂ ਸਿਰ ਸਿੱਖ-ਧਰਮ ਦਾ ਪ੍ਰਚਾਰਕ ਬਣਾਇਆ ਗਿਆ ਅਤੇ ਗੁਰੂ ਅਮਰਦਾਸ ਜੀ ਦੇ ਵੇਲੇ ਦੇ ਸਿੱਖ ਇਤਿਹਾਸ ਵਿਚ ਮੱਥੋ-ਮੁਰਾਰੀ ਨਾਮ ਬਹੁਤ ਪ੍ਰਸਿਧ ਹੋਇਆ। ਮੱਥੋ ਉਸ ਲੜਕੀ ਦਾ ਨਾਮ ਸੀ, ਜੋ ਪ੍ਰੇਮੇ ਨਾਲ ਵਿਆਹੀ ਗਈ ਅਤੇ ਪ੍ਰੇਮੇ ਦਾ ਨਾਮ ਭਾਈ ਮੁਰਾਰੀ ਪ੍ਰਸਿੱਧ ਹੋਇਆ। ਬੀਬੀ ਮੱਥੋ ਤੇ ਮੁਰਾਰੀ ਜੀ ਦੀ ਸਾਖੀ ਸਿੱਖ ਮੱਤ ਦੇ ਕਈ ਨੁਕਤਿਆਂ ਨੂੰ ਰੌਸ਼ਨ ਕਰਦੀ ਹੈ। ਵੱਡੇ ਤੋਂ ਵੱਡਾ ਮੰਦ-ਕਰਮੀ ਭੀ ਸਿੱਖੀ ਵਿਚ ਆ ਕੇ ਨੇਕ ਤੇ ਉੱਚੇ ਜੀਵਨ ਦਾ ਧਾਰਨੀ ਬਣ ਸਕਦਾ ਹੈ। ਅਨੰਦ ਕਾਰਜ ਜਾਂ ਰਿਸ਼ਤੇ-ਨਾਤਿਆਂ ਲਈ ਜ਼ਾਤਪਾਤ, ਖਾਨਦਾਨ ਤੇ ਮਾਇਆ ਆਦਿਕ ਦੇ ਆਧਾਰ ਚੰਗੇ ਨਹੀਂ, ਇਹਨਾਂ ਦੀ ਥਾਵੇਂ ਲੜਕੇ ਦੇ ਗੁਣ, ਸੁਭਾਅ, ਆਚਰਨ, ਸਿਹਤ, ਉਮਰ, ਸਭਿਆਚਾਰ ਆਦਿਕ ਦਾ ਮੇਲ ਵਾਚਣਾ-ਪਰਖਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਸਾਖੀ ਚੰਗੇ ਇਨਸਾਨ ਬਣਨ ਅਤੇ ਗੁਰੂ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਸਹਸਾ | ਡੂੰਘੀ ਗੱਲ |
| ਚੂਕੇ | ਯੱਗ |
| ਭੇਦੁ | ਭੁਲੇਖਾ |
| ਜਸੁ | ਜੋਗ ਸਾਧਨ |
| ਜੱਗ | ਮੁੱਕਦਾ |
| ਜੋਗ | ਸਿਫਤਿ ਸਾਲਾਹ |
| ਨਿਹਫਲ | ਤਿਆਗ ਕੇ |
| ਮਾਨ | ਢੰਗ, ਕਿਸਮ |
| ਪਰਹਰਿ | ਵਿਅਰਥ |
| ਜੀਵਨ ਮੁਕਤਿ | ਹੰਕਾਰ |
| ਬਿਧਿ | ਜੀਊਂਦਾ ਹੀ ਵਿਕਾਰਾਂ ਤੋਂ ਆਜ਼ਾਦ |

## ਪੰਕਤੀਆਂ ਪੂਰੀਆਂ ਕਰੋ

ਭਗਤਿ ਬਿਨਾ, ..............................................................॥੧॥

...............................................................ਰਾਮ ਸਰਨਿ ਨਹੀ ਆਵੈ॥

ਜੋਗ ਜਗ ਨਿਹਫਲ ਤਿਹ ਮਾਨਉ,.............................................॥੧॥

..................................................................ਗੋਬਿੰਦ ਕੇ ਗੁਨ ਗਾਵੈ॥

ਕਹੁ ਨਾਨਕ, ਇਹ ਬਿਧਿ......................................................॥੨॥

## ਆਉ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਗੁਰੂ ਸਾਹਿਬ ਇਸ ਸ਼ਬਦ ਰਾਹੀਂ ਸਾਨੂੰ ਕੀ ਸੇਧ ਦੇ ਰਹੇ ਹਨ?

..........................................................................................................................................

..........................................................................................................................................

2. ਮਨੁੱਖ ਦੀ ਜ਼ਿੰਦਗੀ ਵਿੱਚ ਦੁੱਖ ਹੋਣ ਦਾ ਮੁੱਖ ਕਾਰਨ ਕੀ ਹੈ?

..........................................................................................................................................

..........................................................................................................................................

3. ਗੁਰੂ ਸਾਹਿਬ ਕਿਹੜਾ ਭੇਦ ਦੱਸਦੇ ਹਨ ਜਿਸ ਨਾਲ ਮਨੁੱਖ ਦੇ ਵਹਿਮ ਭਰਮ ਸਹਸੇ ਮੁਕ ਸਕਦੇ ਹਨ?

..........................................................................................................................................

..........................................................................................................................................

4. ਗੁਰੂ ਸਾਹਿਬ ਕਿਸ ਮੁਕਤੀ ਦੀ ਗੱਲ ਕਰਦੇ ਹਨ ਅਤੇ ਉਹ ਮੁਕਤੀ ਕਿਵੇਂ ਮਿਲ ਸਕਦੀ ਹੈ?

..........................................................................................................................................

..........................................................................................................................................

5. ਮਨੁੱਖ ਨੂੰ ਕਿਹੜੇ ਗੁਣ ਅਤੇ ਕਿਵੇਂ ਗਾਉਣੇ ਚਾਹੀਦੇ ਹਨ?

..........................................................................................................................................

..........................................................................................................................................

6. ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਸ਼ਬਦ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

..........................................................................................................................................

..........................................................................................................................................

7. ਅਸੀਂ ਇਸ ਸ਼ਬਦ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

..........................................................................................................................................

..........................................................................................................................................

## ਸਮੁੱਚਾ ਭਾਵ

ਅੱਜ ਦਾ ਮਨੁੱਖ ਦੁੱਖਾਂ ਮੁਸੀਬਤਾਂ ਵਿੱਚ ਘਿਰਿਆ ਹੋਇਆ ਮਾਲੂਮ ਹੁੰਦਾ ਹੈ ਕਿਉਂਕਿ ਉਹ ਰੱਬ ਦੀ ਵਿਚਾਰ ਨਾਲੋਂ ਖੁੰਝ ਗਿਆ ਹੈ। ਖੁੰਝਿਆ ਹੋਇਆ ਮਨੁੱਖ ਰੱਬ ਨੂੰ ਪਾਉਣ ਲਈ ਵੱਖ-ਵੱਖ ਦਿਖਾਵੇ ਦੇ ਜਤਨ ਕਰਦਾ ਹੈ ਪਰ ਜੋ ਮਨੁੱਖ ਸਹਜ ਸੁਭਾਅ ਹੀ ਉਸ ਪਰਮਾਤਮਾ ਦੇ ਹੁਕਮ ਅਨੁਸਾਰ ਜਿੰਦਗੀ ਜਿਉਂਦਾ ਹੈ ਉਹ ਜਿਉਂਦਿਆਂ ਹੀ ਮੁਕਤ ਹੋ ਜਾਂਦਾ ਹੈ।

# ਕਾਹੇ ਰੇ ਬਨ ਖੋਜਨ ਜਾਈ

**ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥ ( ਪੰਨਾ ੬੮੪)**

## ਪਦ ਅਰਥ

ਕਾਹੇ = ਕਾਹਦੇ ਵਾਸਤੇ? ਰੇ = ਹੇ ਭਾਈ! ਬਨ = ਜੰਗਲਾਂ ਵਿਚ। ਬਨਿ = ਜੰਗਲ ਵਿਚ। ਨਿਵਾਸੀ = ਵੱਸਣ ਵਾਲਾ। ਅਲੇਪਾ = ਨਿਰਲੇਪ, ਮਾਇਆ ਦੇ ਪ੍ਰਭਾਵ ਤੋਂ ਸੁਤੰਤਰ। ਤੋਹੀ ਸੰਗਿ = ਤੋ ਸੰਗਿ ਹੀ, ਤੇਰੇ ਨਾਲ ਹੀ ॥ ਰਹਾਉ ॥ ਪੁਹਪ = ਫੁੱਲ। ਮਧਿ = ਵਿਚ। ਬਾਸੁ = ਸੁਗੰਧੀ। ਮੁਕਰ = ਸ਼ੀਸ਼ਾ। ਛਾਈ = ਛਾਇਆ, ਅਕਸ। ਨਿਰੰਤਰਿ = ਬਿਨਾ ਵਿੱਥ ਦੇ; ਹਰ ਥਾਂ, ਸਭਨਾਂ ਵਿਚ। ਘਟ ਹੀ = ਘਟਿ ਹੀ, ਹਿਰਦੇ ਵਿਚ ਹੀ {ਲਫ਼ਜ਼ 'ਘਟਿ' ਦੀ ਿ" ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਉੱਡ ਗਈ ਹੈ}। ਭਾਈ = ਹੇ ਭਾਈ!।। ਭੀਤਰਿ = (ਆਪਣੇ ਸਰੀਰ ਦੇ) ਅੰਦਰ। ਗੁਰ ਗਿਆਨੁ = ਗੁਰੂ ਦਾ ਗਿਆਨ। ਗੁਰਿ = ਗੁਰੂ ਨੇ। ਆਪਾ = ਆਪਣਾ ਆਪ, ਆਪਣਾ ਆਤਮਕ ਜੀਵਨ। ਬਿਨੁ ਚੀਨੈ = ਪਰਖਣ ਤੋਂ ਬਿਨਾ। ਭ੍ਰਮ = ਭਟਕਣਾ। ਕਾਈ = ਹਰੇ ਰੰਗ ਦਾ ਜਾਲਾ ਜੋ ਉਸ ਥਾਂ ਲੱਗ ਜਾਂਦਾ ਹੈ ਜਿੱਥੇ ਪਾਣੀ ਕਾਫ਼ੀ ਚਿਰ ਖਲੋਤਾ ਰਹੇ। ਇਸ ਜਾਲੇ ਦੇ ਕਾਰਨ ਪਾਣੀ ਜ਼ਮੀਨ ਵਿਚ ਰਚ ਨਹੀਂ ਸਕਦਾ। ਇਸੇ ਤਰ੍ਹਾਂ ਭਟਕਣਾ ਦੇ ਜਾਲੇ ਦੇ ਕਾਰਨ ਪਾਣੀ ਜ਼ਮੀਨ ਮਨ ਦੇ ਅੰਦਰ ਅਸਰ ਨਹੀਂ ਕਰਦੀ।।

## ਭੂਮਿਕਾ

ਹੇ ਭਾਈ! ਪਰਮਾਤਮਾ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪਰਮਾਤਮਾ ਸਭ ਵਿਚ ਵੱਸਣ ਵਾਲਾ ਹੈ, (ਫਿਰ ਭੀ) ਸਦਾ (ਮਾਇਆ ਦੇ ਪ੍ਰਭਾਵ ਤੋਂ) ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। ॥ ਰਹਾਉ ॥

ਹੇ ਭਾਈ! ਜਿਵੇਂ ਫੁੱਲ ਵਿਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ ਵੱਸਦਾ ਹੈ, ਤਿਵੇਂ ਪਰਮਾਤਮਾ ਇਕ-ਰਸ ਸਭਨਾਂ ਦੇ ਅੰਦਰ ਵੱਸਦਾ ਹੈ। (ਇਸ ਵਾਸਤੇ, ਉਸ ਨੂੰ) ਆਪਣੇ ਹਿਰਦੇ ਵਿਚ ਹੀ ਲੱਭ

ਹੇ ਭਾਈ! ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ) ਇਕ ਪਰਮਾਤਮਾ ਨੂੰ (ਵੱਸਦਾ) ਸਮਝੋ। ਹੇ ਦਾਸ ਨਾਨਕ ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ, ਉਤਨਾ ਚਿਰ ਸਰਬ-ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ)।।।

ਇੱਕ ਰਾਜੇ ਨੇ ਇੱਕ ਵਾਰ ਆਪਣਾ ਉੱਤਰ ਅਧਿਕਾਰੀ ਚੁਣਨਾ ਸੀ ਉਸਨੇ ਆਪਣੇ ਦੋਨਾਂ ਪੁੱਤਰਾਂ ਨੂੰ ਬੁਲਾਇਆ ਅਤੇ ਦੋਨਾਂ ਨੂੰ ਇੱਕ ਇੱਕ ਕਬੂਤਰ ਦੇ ਕੇ ਕਿਹਾ ਕਿ ਇਸ ਨੂੰ ਦੋਨੋਂ ਜਾਣੇ ਉਥੇ ਕਤਲ ਕਰਕੇ ਲਿਆਓ ਜਿੱਥੇ ਕੋਈ ਨਾ ਦੇਖਦਾ ਹੋਵੇ।

ਵੱਡਾ ਪੁੱਤਰ ਫਟਾਫਟ ਇੱਕ ਕਮਰੇ ਵਿੱਚ ਗਿਆ ਜਿੱਥੇ ਉਸਨੂੰ ਕੋਈ ਨਹੀਂ ਸੀ ਦੇਖਦਾ ਉਹ ਉਸ ਕਬੂਤਰ ਨੂੰ ਕਤਲ ਕਰਕੇ ਦੁਪਹਿਰ ਤੱਕ ਹੀ ਵਾਪਸ ਆ ਗਿਆ। ਛੋਟਾ ਪੁੱਤਰ ਤੀਜੇ ਦਿਨ ਵਾਪਸ ਆਇਆ ਤੇ ਉਸ ਦੇ ਹੱਥ ਵਿੱਚ ਜਿਉਂਦਾ ਕਬੂਤਰ ਫੜਿਆ ਹੋਇਆ ਸੀ। ਇਹ ਦੇਖ ਕੇ ਸਾਰੇ ਹੈਰਾਨ ਹੋ ਗਏ ਅਤੇ ਰਾਜੇ ਨੇ ਪੁੱਛਿਆ ਕਿ ਪੁੱਤਰ ਤੈਨੂੰ ਕੋਈ ਵੀ ਅਜਿਹੀ ਜਗ੍ਹਾ ਨਹੀਂ ਮਿਲੀ ਜਿੱਥੇ ਤੂੰ ਇਸਦਾ ਕਤਲ ਕਰ ਸਕਦਾ। ਉਸ ਨੇ ਜਵਾਬ ਦਿੱਤਾ ਹਾਂਜੀ ਰਾਜਨ ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਮੈਂ ਉਸ ਜਗ੍ਹਾ ਤੇ ਇਸ ਦਾ ਕਤਲ ਕਰਾਂ ਜਿੱਥੇ ਕੋਈ ਨਾਂ ਦੇਖਦਾ ਹੋਵੇ ਇਸ ਦੀ ਭਾਲ ਵਿੱਚ ਮੈਂ ਜੰਗਲ ਵਿੱਚ ਚਲਾ ਗਿਆ ਉੱਥੇ ਮੈਂ ਇਸ ਦਾ ਕਤਲ ਕਰਨ ਲੱਗਾ ਤੇ ਅਚਾਨਕ ਪੰਛੀ ਬੋਲ ਪਏ ਤੇ ਮੈਨੂੰ ਯਾਦ ਆਇਆ ਤੁਸੀਂ ਕਿਹਾ ਸੀ ਜਿੱਥੇ ਕੋਈ ਨਾ ਦੇਖਦਾ ਹੋਵੇ ਉਸ ਜਗਹਾ ਤੇ ਪੰਛੀ ਦੇਖ ਰਹੇ ਸਨ। ਫਿਰ ਮੈਂ ਇੱਕ ਗੁਫਾ ਵਿੱਚ ਚਲਾ ਗਿਆ ਉੱਥੇ ਜਾ ਕੇ ਕਤਲ ਕਰਨ ਲੱਗਾ ਉੱਥੇ ਮੇਰੀਆਂ ਅੱਖਾਂ ਹੀ ਦੇਖ ਰਹੀਆਂ ਸਨ ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਫਿਰ ਮੇਰੀਆਂ ਮਨ ਦੀਆਂ ਅੱਖਾਂ ਵੇਖ ਰਹੀਆਂ ਸਨ। ਮੇਰਾ ਰੱਬ ਵੇਖ ਰਿਹਾ ਸੀ,

ਫਿਰ ਮੈਨੂੰ ਲੱਗਾ ਕਿ ਅਜਿਹੀ ਕੋਈ ਵੀ ਥਾਂ ਨਹੀਂ ਜਿੱਥੇ ਕੋਈ ਨਹੀਂ ਦੇਖਦਾ ਇਸ ਲਈ ਮੈਂ ਵਾਪਸ ਆ ਗਿਆ। ਰਾਜਨ ਬਹੁਤ ਖੁਸ਼ ਹੋਇਆ ਅਤੇ ਆਪਣੇ ਛੋਟੇ ਪੁੱਤਰ ਨੂੰ ਗਲਵੱਕੜੀ ਲਾ ਕੇ ਆਪਣਾ ਉਤਰਾ ਅਧਿਕਾਰੀ ਚੁਣ ਲਿਆ ਤੇ ਉਸਨੇ ਕਿਹਾ ਕਿ ਸਾਨੂੰ ਜਿੱਥੇ ਕੋਈ ਨਹੀਂ ਦੇਖਦਾ ਉੱਥੇ ਰੱਬ ਜਰੂਰ ਦੇਖਦਾ ਹੈ। ਸਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਰੱਬ ਜੰਗਲਾਂ ਵਿੱਚ ਜਾਂ ਵੱਖ-ਵੱਖ ਥਾਵਾਂ ਤੇ ਨਹੀਂ ਰੱਬ ਸਗੋਂ ਸਾਡੇ ਅੰਦਰ ਵਸਦਾ ਹੈ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਕਾਹੇ | ਜੰਗਲਾਂ ਵਿਚ |
| ਬਨ | ਕਾਹਦੇ ਵਾਸਤੇ |
| ਬਨਿ | ਨਿਰਲੇਪ, ਮਾਇਆ ਦੇ ਪ੍ਰਭਾਵ ਤੋਂ |
| ਨਿਵਾਸੀ | ਸੁਤੰਤਰ |
| ਅਲੇਪਾ | ਛਾਇਆ, ਅਕਸ |
| ਤੋਹੀ ਸੰਗਿ | ਜੰਗਲ ਵਿਚ |
| ਪੁਹਪ | ਸ਼ੀਸ਼ਾ |
| ਬਾਸੁ | ਸੁਗੰਧੀ |
| ਮੁਕਰ | ਫੁੱਲ |
| ਛਾਈ | ਤੇਰੇ ਨਾਲ ਹੀ |
| | ਵੱਸਣ ਵਾਲਾ |

## ਪੰਕਤੀਆਂ ਪੂਰੀਆਂ ਕਰੋ

ਸਰਬ ਨਿਵਾਸੀ ਸਦਾ..........................................................................॥੧॥

.........................................................................ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ..............................................................................॥੧॥

..................................................................ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ....................................................................॥੨॥੧॥

## ਆਓ ਆਪਣੀ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਗੁਰੂ ਸਾਹਿਬ ਇਸ ਸ਼ਬਦ ਰਾਹੀਂ ਸਾਨੂੰ ਕੀ ਉਪਦੇਸ਼ ਦੇ ਰਹੇ ਹਨ?

.......................................................................................................................................

.......................................................................................................................................

2. ਇਸ ਸ਼ਬਦ ਰਾਹੀਂ ਗੁਰੂ ਸਾਹਿਬ ਜੀ ਨੇ ਵਾਹਿਗੁਰੂ ਬਾਰੇ ਮਨੁੱਖਤਾ ਦਾ ਕੀ ਭੁਲੇਖਾ ਦੂਰ ਕੀਤਾ ਹੈ?

.......................................................................................................................................

.......................................................................................................................................

3. ਰੱਬ ਨੂੰ ਅੰਦਰ ਅਤੇ ਬਾਹਰ ਇੱਕੋ ਜਿਹਾ ਸਮਝਣ ਅਤੇ ਜਾਨਣ ਲਈ ਕਿਹੜੀ ਵਿਧੀ ਅਪਣਾਉਣ ਲਈ ਕਿਹਾ ਹੈ?

.................................................................................................................................

.................................................................................................................................

4. ਗੁਰੂ ਸਾਹਿਬ ਜੀ ਨੇ ਇਸ ਸ਼ਬਦ ਰਾਹੀਂ ਭਰਮ ਖਤਮ ਕਰਨ ਲਈ ਕਿਹੜੀ ਵਿਧੀ ਦੱਸੀ ਹੈ?

.................................................................................................................................

.................................................................................................................................

5. ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਕਤੀਆਂ ਨੂੰ ਆਪਣੇ ਸ਼ਬਦਾਂ ਵਿੱਚ ਵਖਿਆਨ ਕਰੋ?

.................................................................................................................................

.................................................................................................................................

6. ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਸ਼ਬਦ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

.................................................................................................................................

.................................................................................................................................

7. ਅਸੀਂ ਇਸ ਸ਼ਬਦ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

.................................................................................................................................

.................................................................................................................................

## ਸਮੁੱਚਾ ਭਾਵ

ਗੁਰੂ ਸਾਹਿਬ ਇਸ ਸ਼ਬਦ ਰਾਹੀਂ ਬਹੁਤ ਖ਼ੂਬਸੂਰਤ ਉਪਦੇਸ਼ ਦਿੰਦਿਆਂ ਹੋਇਆਂ ਦੱਸਦੇ ਹਨ ਕਿ ਹੇ ਮਨੁੱਖ ਤੈਨੂੰ ਧਰਮੀ ਹੋਣ ਲਈ ਭਾਵ ਆਪਣੇ ਅੰਦਰ ਚੰਗੇ ਗੁਣ ਪੈਦਾ ਕਰਨ ਲਈ ਬਾਹਰ ਥਾਵਾਂ ਤੇ ਭਟਕਣ ਦੀ ਜਰੂਰਤ ਨਹੀਂ, ਤੂੰ ਆਪਣੇ ਮੂਲ ਨੂੰ ਪਹਿਚਾਣ ਕੇ ਆਪਣੇ ਅੰਦਰ ਹੀ ਰੱਬ ਨੂੰ ਮਹਿਸੂਸ ਕਰ ਸਕਦਾ ਹੈ, ਇਸ ਨਾਲ ਤੇਰਾ ਜੀਵਨ ਭਰਮਾ ਤੋਂ ਮੁਕਤ ਹੋ ਜਾਏਗਾ ਤੇਰੇ ਅੰਦਰ ਧਰਮ ਨਜ਼ਰ ਆਉਣ ਲੱਗ ਜਾਏਗਾ।

## ਨੋਟ

ਧਾਰਮਿਕ ਅਸਥਾਨਾਂ ਤੇ ਜਾ ਕੇ ਮਨੁੱਖ ਨੇ ਸਿੱਖਿਆ ਗ੍ਰਹਿਣ ਕਰਨੀ ਹੁੰਦੀ ਹੈ ਅਤੇ ਉਸ ਸਿੱਖਿਆ ਨੂੰ ਸਮਾਜ ਵਿੱਚ ਵਿਚਰਦਿਆਂ ਲਾਗੂ ਕਰਨਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਮਨੁੱਖ ਗੁਰਦੁਆਰਾ ਸਾਹਿਬ ਜਾਂਦਾ ਹੈ, ਉੱਥੇ ਲੋਕ ਸੇਵਾ ਕਰਦੇ ਹਨ ਬਾਣੀ ਪੜ੍ਹਦੇ ਹਨ। ਸੇਵਾ ਕਰਨ ਅਤੇ ਬਾਣੀ ਪੜਨ ਦਾ ਗੁਣ ਲੈ ਕੇ ਮਨੁੱਖ ਨੇ ਸਮਾਜ ਵਿੱਚ ਵਿਚਰਦਿਆਂ ਬਾਣੀ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਉਣਾ ਹੈ ਸਮਾਜ ਵਿੱਚ ਸੇਵਾ ਕਰਨੀ ਹੈ।

# ਬਿਰਥਾ ਸਭ ਹੀ ਮਾਨੁ

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥**
**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ (ਪੰਨਾ ੧੪੨੮)**

ਪਦ ਅਰਥ: ਅਰੁ = ਅਤੇ। ਬਿਰਧਿ = ਬੁਢੇਪਾ। ਫੁਨਿ = (ਪੁਨ:) ਫਿਰ। ਤੀਨਿ = ਤਿੰਨ। ਜਾਨਿ = ਜਾਣ, ਸਮਝ ਲੈ। ਮਾਨ = ਮੰਨ ।

## ਅਰਥ

ਹੇ ਨਾਨਕ ! ਆਖ- (ਹੇ ਭਾਈ !) ਬਾਲ-ਅਵਸਥਾ, ਜੁਆਨੀ ਦੀ ਅਵਸਥਾ, ਅਤੇ ਫਿਰ ਬੁਢੇਪੇ ਦੀ ਅਵਸਥਾ = (ਉਮਰ ਦੀਆਂ ਇਹ) ਤਿੰਨ ਅਵਸਥਾ ਸਮਝ ਲੈ (ਜੋ ਮਨੁੱਖ ਤੇ ਆਉਂਦੀਆਂ ਹਨ)। (ਪਰ ਇਹ) ਚੇਤੇ ਰੱਖ (ਕਿ) ਪਰਮਾਤਮਾ ਦੇ ਭਜਨ ਤੋਂ ਬਿਨਾ ਇਹ ਸਾਰੀਆਂ ਹੀ ਵਿਅਰਥ ਜਾਂਦੀਆਂ ਹਨ।35।

ਜਦੋਂ ਇੱਕ ਮਕਾਨ ਬਣਾਇਆ ਜਾਂਦਾ ਹੈ ਤਾਂ ਉਸ ਦੀ ਨੀਹ ਬਹੁਤ ਮਜਬੂਤ ਰੱਖੀ ਜਾਂਦੀ ਹੈ ਤਾਂ ਕਿ ਉਸ ਉੱਪਰ ਜਿੰਨੇ ਮਰਜ਼ੀ ਮਹਿਲ ਉਸਾਰ ਲਏ ਜਾਣ ਉਹ ਡਿੱਗੇ ਨਾ।

ਅਗਰ ਉਹ ਛੱਤ ਤੱਕ ਪਹੁੰਚ ਕੇ ਡਿੱਗ ਜਾਏ ਤਾਂ ਸੁਭਾਵਿਕ ਹੈ ਕਿ ਉਸ ਦੀ ਨੀਹ ਕਮਜ਼ੋਰ ਹੈ ਤੇ ਹੁਣ ਤੱਕ ਕੀਤੀ ਹੋਈ ਮਿਹਨਤ ਸਾਰੀ ਵਿਅਰਥ ਚਲੀ ਗਈ।

ਇੱਕ ਬੂਟਾ ਫਲ ਤੇ ਪਹੁੰਚ ਕੇ ਅਫਲ ਹੋ ਜਾਏ ਤਾਂ ਉਸਦੀ ਪਨੀਰੀ ਬਿਰਥਾ, ਉਸਦਾ ਮੱਧ ਬਿਰਥਾ, ਉਸਦਾ ਅੰਤ ਬਿਰਥਾ ਹੈ।

ਮੰਨ ਲਓ ਇੱਕ ਤੇਜ਼ ਦੌੜਨ ਵਾਲੀ ਗੱਡੀ ਉਤੇ ਮਨੁੱਖ ਬੈਠ ਜਾਵੇ ਅਤੇ ਬੜੇ ਚਾਅ ਉਮਾਹ ਵਿੱਚ ਹੋਵੇ ਕਿ ਉਹ ਬੜੀ ਤੇਜ਼ ਦੌੜ ਰਹੀ ਹੈ ਪਰ ਉਥੇ ਪਹੁੰਚ ਕੇ ਪਤਾ ਲੱਗੇ ਕਿ ਜਾਣਾ ਪੂਰਬ ਵਾਲੇ ਪਾਸੇ ਸੀ ਪਹੁੰਚ ਪੱਛਮ ਵਾਲੇ ਪਾਸੇ ਗਏ ਹਾਂ ਫਿਰ ਤੇਜ ਦੌੜਨਾ, ਸਟੇਸ਼ਨਾਂ ਦੀ ਰੌਣਕ, ਬਿਤਾਇਆ ਸਮਾਂ ਸਭ ਵਿਅਰਥ ਹੋ ਜਾਂਦਾ ਹੈ।

ਮਨੁੱਖ ਦੀ ਜ਼ਿੰਦਗੀ ਦਾ ਮੁੱਖ ਮਕਸਦ ਸੀ ਪਰਮਾਤਮਾ ਦਾ ਸਿਮਰਨ ਆਪਣੇ ਅੰਦਰ ਸ਼ੁਭ ਗੁਣ ਪੈਦਾ ਕਰਨੇ ਹਨ ਪਰ ਜੇ ਸ਼ੁਭ ਗੁਣ ਜਿੰਦਗੀ ਵਿੱਚ ਪੈਦਾ ਨਹੀਂ ਹੋਏ ਤਾਂ ਸਮਝੋ ਹੁਣ ਤੱਕ ਗੁਜਾਰਿਆ ਸਮਾਂ ਸਭ ਵਿਅਰਥ ਹੈ।

ਬਚਪਨ ਪਨੀਰੀ ਸੀ, ਜਵਾਨੀ ਬੂਟਾ ਸੀ, ਬੁਢਾਪੇ ਵਿੱਚ ਫਲ ਲੱਗਣੇ ਸੀ।

ਅਫਸੋਸ ਬੂਟੇ 'ਤੇ ਬੁਢਾਪਾ ਆ ਗਿਆ ਪਰ ਹੈ ਫਲ ਹੀਣ।

ਭਾਵ ਬਚਪਨ ਵੀ ਗਿਆ ਜਵਾਨੀ ਵੀ ਗਈ ਅਤੇ ਬੁਢਾਪਾ ਵਿਅਰਥ ਹੀ ਗੁਜ਼ਰ ਗਿਆ।

ਜਿਸ ਦਾ ਬਚਪਨ ਗੁਣਵਾਨ ਹੋਵੇਗਾ ਉਹ ਜਵਾਨੀ ਬਜ਼ੁਰਗਾਂ ਨੂੰ ਸੰਭਾਲੇਗੀ ਖਿਆਲ ਹੋਏਗਾ ਕਿ ਇਹਨਾਂ ਮੈਨੂੰ ਬਚਪਨ ਵਿੱਚ ਸਹਾਰਾ ਦਿੱਤਾ ਸੀ ਹੁਣ ਮੈਂ ਸਹਾਰਾ ਬਣਨਾ ਹੈ।

ਜਵਾਨੀ ਸਫਲ ਹੋ ਜਾਵੇ ਤਾਂ ਬੁਢਾਪਾ ਸ਼ੁਭ ਗੁਣਾਂ ਦੇ ਫਲਾਂ ਨਾਲ ਲੱਦਿਆ ਜਾਂਦਾ ਹੈ। ਜਿਸ ਬੂਟੇ ਦੀ ਜਵਾਨੀ ਬਚ ਜਾਏ ਆਸ ਹੁੰਦੀ ਹੈ ਕਿ ਇਸ ਦੇ ਬਹੁਤ ਫਲ ਲੱਗਣਗੇ। ਇਹ ਬੁਢਾਪਾ ਬਾਬਾ ਬੁੱਢਾ ਜੀ ਵਰਗਾ, ਭਾਈ ਮਨੀ ਸਿੰਘ ਜੀ ਵਰਗਾ, ਬਾਬਾ ਦੀਪ ਸਿੰਘ ਜਾਂ ਵਰਗਾ ਹੋਏਗਾ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਅਰੁ | ਬੁਢੇਪਾ |
| ਬਿਰਧਿ | ਮੰਨ |
| ਫੁਨਿ | ਤਿੰਨ |
| ਤੀਨਿ | ਸਮਝ ਲੈ |
| ਜਾਨਿ | ਫਿਰ |
| ਮਾਨ | ਅਤੇ |

## ਪੰਕਤੀਆਂ ਪੂਰੀਆਂ ਕਰੋ

ਬਾਲ ਜੁਆਨੀ ਅਰੁ ........................................................................... ॥

............................................................................ਬਿਰਥਾ ਸਭ ਹੀ ਮਾਨੁ ॥35॥

## ਆਓ ਆਪਣੀ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਗੁਰੂ ਸਾਹਿਬ ਜੀ ਨੇ ਕਿਹੜੀਆਂ ਤਿੰਨ ਅਵਸਥਾਵਾਂ ਨੂੰ ਸੰਭਾਲਣ ਦਾ ਜ਼ਿਕਰ ਕੀਤਾ ਹੈ?

.......................................................................................................................................

.......................................................................................................................................

2. ਤਿੰਨ ਅਵਸਥਾਵਾਂ ਵਿੱਚੋਂ ਸਭ ਤੋਂ ਪਹਿਲਾਂ ਕਿਹੜੀ ਅਵਸਥਾ ਨੂੰ ਅਤੇ ਕਿਸ ਤਰ੍ਹਾਂ ਸੰਭਾਲਣ ਦੀ ਜਰੂਰਤ ਹੈ?

.......................................................................................................................................

.......................................................................................................................................

3. ਇਹ ਤਿੰਨੋ ਅਵਸਥਾਵਾਂ ਆਪਸ ਵਿੱਚ ਕਿਵੇਂ ਮੇਲ ਰੱਖਦੀਆਂ ਹਨ?

.......................................................................................................................................

.......................................................................................................................................

4. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਹਨਾਂ ਤਿੰਨਾਂ ਅਵਸਥਾਵਾਂ ਨੂੰ ਬਿਰਥਾ ਕਿਉਂ ਕਿਹਾ ਹੈ?

.......................................................................................................................................

.......................................................................................................................................

5. ਇਸ ਸਲੋਕ ਦਾ ਸਮੁੱਚਾ ਭਾਵ ਆਪਣੇ ਅੱਖਰਾਂ ਵਿੱਚ ਲਿਖੋ?

.......................................................................................................................................

.......................................................................................................................................

6. ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਸਲੋਕ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

.......................................................................................................................................

.......................................................................................................................................

7. ਅਸੀਂ ਇਸ ਸਲੋਕ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

.......................................................................................................................................

.......................................................................................................................................

## ਸਮੁੱਚਾਭਾਵ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਚਨ ਕਰਦੇ ਹਨ ਬਚਪਨ ਸਿਮਰਨ ਤੋਂ ਬਿਨਾਂ ਗਿਆ ਤਾਂ ਜਵਾਨੀ ਵੀ ਬਿਰਥਾ ਜਾਏਗੀ। ਜਵਾਨੀ ਬਿਰਥਾ ਗਈ ਤਾਂ ਬੁਢਾਪਾ ਵੀ ਬਿਰਥਾ ਜਾਏਗਾ। ਇਹ ਤਿੰਨੋਂ ਅਵਸਥਾਵਾਂ ਆਪੋ ਆਪਣੇ ਤਰੀਕੇ ਦੇ ਨਾਲ ਸੰਭਾਲ ਮੰਗਦੀਆਂ ਹਨ। ਇਸ ਕਰਕੇ ਇਹਨਾਂ ਤਿੰਨਾਂ ਅਵਸਥਾਵਾਂ ਨੂੰ ਸੰਭਾਲਣ ਦੀ ਜਰੂਰਤ ਹੈ।

# ਅਬ ਓਟ ਹਰਿ

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥**
**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥**
**(ਪੰਨਾ ੧੪੨੯)**

## ਪਦ ਅਰਥ:

ਬਲੁ = (ਆਤਮਕ) ਤਾਕਤ। ਬੰਧਨ = (ਮਾਇਆ ਦੇ ਮੋਹ ਦੀਆਂ) ਫਾਹੀਆਂ। ਪਰੇ = ਪੈ ਗਏ, ਪੈ ਜਾਂਦੇ ਹਨ। ਉਪਾਇ = ਹੀਲਾ। ਅਬ = ਹੁਣ, ਉਸ ਵੇਲੇ। ਓਟ = ਆਸਰਾ। ਹਰਿ = ਹੇ ਹਰੀ! ਸਹਾਇ = ਸਹਾਈ, ਮਦਦਗਾਰ।53। ਛੁਟੇ = ਟੁੱਟ ਜਾਂਦੇ ਹਨ। ਸਭੁ ਕਿਛੁ ਉਪਾਇ = ਹਰੇਕ ਉੱਦਮ। ਹੋਤ = ਹੋ ਸਕਦਾ ਹੈ। ਸਭੁ ਕਿਛੁ = ਹਰੇਕ ਚੀਜ਼।54।

## ਅਰਥ:

: ਹੇ ਭਾਈ! (ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ) ਫਾਹੀਆਂ (ਮਨੁੱਖ ਨੂੰ) ਆ ਪੈਂਦੀਆਂ ਹਨ (ਉਹਨਾਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਕ) ਤਾਕਤ ਮੁੱਕ ਜਾਂਦੀ ਹੈ (ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ) ਕੋਈ ਭੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ! ਆਖ– ਹੇ ਹਰੀ! ਇਹੋ ਜਿਹੇ ਵੇਲੇ (ਹੁਣ) ਤੇਰਾ ਹੀ ਆਸਰਾ ਹੈ। ਜਿਵੇਂ ਤੂੰ (ਤੇਂਦੂਏ ਤੋਂ ਛੁਡਾਣ ਲਈ) ਹਾਥੀ ਦਾ ਸਹਾਈ ਬਣਿਆ, ਤਿਵੇਂ ਸਹਾਈ ਬਣ। (ਭਾਵ, ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ ਤੇ ਅਰਦਾਸ ਹੀ ਇਕੋ ਇਕ ਵਸੀਲਾ ਹੈ)।53।

ਜਦੋਂ ਬਲ ਘਟ ਜਾਂਦਾ ਹੈ ਤੇ ਬੰਧਨ ਪੈ ਜਾਂਦੇ ਹਨ ਤੇ ਕੋਈ ਵੀ ਆਸਰਾ ਸਹਾਰਾ ਨਹੀਂ ਰਹਿੰਦਾ।

ਬਲ ਛੁਟਕਿਓ ਭਾਵ ਬਲ ਖਤਮ ਹੋ ਗਿਆ ਜਦੋਂ ਮਨੁੱਖ ਦੇ ਅੰਦਰੋ ਵਿਚਾਰਾਂ ਦੀ ਤਾਕਤ ਵਿਚਾਰਾਂ ਦਾ ਬਲ ਖਤਮ ਹੋ ਜਾਂਦਾ ਹੈ ਤੇ ਉਹ ਮਨੁੱਖ ਹੀਨ ਭਾਵਨਾ ਵਿੱਚ ਚਲਾ ਜਾਂਦਾ ਹੈ ਹਿੰਮਤ ਹਾਰ ਜਾਂਦਾ ਹੈ ਨਸ਼ਾ ਵਿਕਾਰ ਮਾੜੀ ਸੰਗਤ ਉਸ ਦਾ ਸ਼ਿੰਗਾਰ ਬਣ ਜਾਂਦੇ ਹਨ। ਉਸ ਨੂੰ ਆਸੇ ਪਾਸੇ ਕੁਝ ਨਹੀਂ ਦਿਖਦਾ ਜੋ ਉਸਦਾ ਸਹਾਈ ਹੋ ਸਕੇ।

ਕਿਉਂਕਿ ਉਹ ਮਾਨਸਿਕ ਗੁਲਾਮੀ ਦਾ ਸ਼ਿਕਾਰ ਹੋ ਜਾਂਦਾ ਹੈ ਵਿਚਾਰਾਂ ਮਨੋਬਲ ਚੁੱਕਣ ਵਾਲੀਆਂ ਨਹੀਂ ਮਿਲਦੀਆਂ ਤੇ ਬਲ ਹੀਨ ਹੋਇਆ ਮਨੁੱਖ ਤਰਲੇ ਮਿਨਤਾਂ ਕਰਦਾ ਹੈ।

ਪਰ ਜਦੋਂ ਉਹ ਮਨੁੱਖ ਰੱਬ ਦਾ ਓਟ ਆਸਰਾ ਸਹਾਰਾ ਲੈਂਦਾ ਹੈ ਤੇ ਮਾਨੋ ਉਸ ਮਨੁੱਖ ਅੰਦਰ ਹਾਥੀ ਜਿੰਨੀ ਸ਼ਕਤੀ ਆ ਜਾਂਦੀ ਹੈ।

ਹੁਣ ਹਾਥੀ ਬਾਰੇ ਪ੍ਰਚਲਤ ਹੈ ਕਿ ਹਾਥੀ ਨੂੰ ਚਲਾਉਣ ਵਾਲਾ ਉਸ ਦਾ ਮੁਹਾਵਤ ਨਿੱਕੀ ਜਹੀ ਛੜੀ ਦੇ ਨਾਲ ਉਸ ਤੋਂ ਕੰਮ ਲੈ ਲੈਂਦਾ ਹੈ ਕਿਉਂਕਿ ਉਸਨੇ ਉਸ ਹਾਥੀ ਦੀ ਸੋਚ ਨੂੰ ਆਪਣਾ ਗੁਲਾਮ ਬਣਾ ਲਿਆ ਹੈ।

ਇੱਕ ਵਾਰ ਕਿਸੇ ਮੁਹਾਵਤ ਨੂੰ ਕਿਸੇ ਨੇ ਪੁੱਛਿਆ ਕਿ ਹਾਥੀ ਇਤਨਾ ਤਾਕਤਵਰ ਹੁੰਦਾ ਹੈ ਪਰ ਫਿਰ ਵੀ ਤੁਸੀਂ ਇਸ ਨੂੰ ਇਸ ਛੋਟੀ ਜਿਹੀ ਕਿੱਲੀ ਨਾਲ ਕਿਵੇਂ ਬੰਨ ਲੈਂਦੇ ਹੋ।

ਮੁਹਾਵਤ ਨੇ ਬਹੁਤ ਖੂਬਸੂਰਤ ਬਿਆਨ ਦਿੱਤਾ ਉਹ ਕਹਿੰਦਾ ਹੈ ਕਿ ਜਦੋਂ ਇਹ ਹਾਥੀ ਛੋਟਾ ਸੀ ਉਦੋਂ ਇਹ ਬਹੁਤ ਕਮਜ਼ੋਰ ਸੀ ਅਸੀਂ ਉਦੋਂ ਇਸ ਨੂੰ ਇਸ ਕਿੱਲੀ ਨਾਲ ਰੋਜਾਨਾ ਬੰਨ ਦਿੰਦੇ ਸੀ ਤੇ ਇਸ ਨੂੰ ਲੱਗਦਾ ਸੀ ਕਿ ਮੈਂ ਇਸ ਨੂੰ ਖਿੱਚ ਅਤੇ ਤੋੜ ਨਹੀਂ ਸਕਦਾ। ਇਹ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ ਇਹ ਕਿੱਲੀ ਇਸ ਦੇ ਦਿਮਾਗ ਵਿੱਚ ਵੱਸਦੀ ਗਈ ਕਿ ਮੈਂ ਇਸ ਕਿੱਲੀ ਤੋਂ ਕਮਜ਼ੋਰ ਹਾਂ ਮੈਂ ਇਸ ਨੂੰ ਤੋੜ ਨਹੀਂ ਸਕਦਾ। ਬਸ ਇਵੇਂ ਹੀ ਮਾੜੇ ਵਿਚਾਰ ਅਤੇ ਵਿਕਾਰ ਮਨੁੱਖ ਦੀ ਜ਼ਿੰਦਗੀ ਵਿੱਚ ਘਰ ਘਰ ਜਾਂਦੇ ਹਨ ਤੇ ਮਨੁੱਖ ਨੂੰ ਲੱਗਦਾ ਹੈ ਕਿ ਮੈਂ ਇਹਨਾਂ ਤੋਂ ਬਗੈਰ ਆਪਣਾ ਜੀਵਨ ਗੁਜ਼ਾਰ ਨਹੀਂ ਸਕਦਾ। ਪਰ ਜਿਵੇਂ ਹੀ ਗੁਰੂ ਦੀ ਵਿਚਾਰ ਮਨੁੱਖ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਤੇ ਉਹ ਮਨੁੱਖ ਬਲਵਾਨ ਹੋ ਜਾਂਦਾ ਹੈ ਤਾਕਤਵਰ ਹੋ ਜਾਂਦਾ ਹੈ ਉਸਦੀਆਂ ਵਿਚਾਰਾਂ ਗੁਰੂ ਦੀਆਂ ਵਿਚਾਰਾਂ ਬਣ ਜਾਂਦੀਆਂ ਹਨ।

ਭਾਰਤ ਦੇ ਲੋਕ ਜਿਹੜੇ ਚਿੜੀ ਉੱਡਣ ਤੋਂ ਡਰਦੇ ਸਨ ਗੁਰੂ ਨੇ ਅਜਿਹੀਆਂ ਵਿਚਾਰਾਂ ਉਹਨਾਂ ਅੰਦਰ ਭਰੀਆਂ ਕਿ ਉਹ ਬਾਜਾਂ ਨੂੰ ਵੀ ਪਿੰਜਰੇ ਪਾਉਣ ਦੀ ਬਿਰਤੀ ਵਾਲੇ ਬਣ ਗਏ।

ਇਹ ਦੋ ਸਲੋਕ ਇੱਕ ਵਿੱਚ ਸਵਾਲ ਹੈ ਅਤੇ ਦੂਸਰੇ ਵਿੱਚ ਜਵਾਬ ਹੈ। ਬਲ ਹੋਵਾ ਬੰਧਨ ਛੁਟੇ ਭਾਵ ਗੁਰੂ ਦੀਆਂ ਵਿਚਾਰਾਂ ਆ ਗਈਆਂ ਤੇ ਵਿਕਾਰਾਂ ਦੇ ਬੰਧਨ ਛੁੱਟ ਗਏ। ਵਿਚਾਰ ਬਲਵਾਨ ਹੋਣ ਦੇ ਨਾਲ ਵਿਕਾਰ ਕਮਜ਼ੋਰ ਹੋ ਗਏ ਵਿਕਾਰ ਨਸ ਗਏ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਅਬ | ਆਸਰਾ |
| ਬੰਧਨ | ਪੈ ਜਾਂਦੇ ਹਨ |
| ਪਰੇ | ਫਾਹੀਆਂ |
| ਉਪਾਇ | ਮਦਦਗਾਰ |
| ਬਲ | ਹੁਣ, ਉਸ ਵੇਲੇ |
| ਓਟ | ਤਾਕਤ |
| ਸਹਾਇ | ਹੀਲਾ |

## ਪੰਕਤੀਆਂ ਪੂਰੀਆਂ ਕਰੋ

ਬਲੁ ਛੁਟਕਿਓ..............................................................॥

...............................................ਗਜ ਜਿਉ ਹੋਹੁ ਸਹਾਇ॥ **੩**॥

ਬਲੁ ਹੋਆ...................................................................॥

...................................................ਤੁਮ ਹੀ ਹੋਤ ਸਹਾਇ॥ ॥

## ਆਓ ਆਪਣੀ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਇਹਨਾਂ ਸਲੋਕਾਂ ਵਿੱਚੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

..........................................................................................................................................

..........................................................................................................................................

2. ਬੰਧਨ ਕਿਵੇਂ ਅਤੇ ਕਿਉਂ ਪੈਂਦੇ ਹਨ?

..........................................................................................................................................

..........................................................................................................................................

3. ਬੰਧਨ ਮਨੁੱਖ ਦੇ ਵਿਕਾਸ ਨੂੰ ਕਿਵੇਂ ਰੋਕ ਦਿੰਦੇ ਹਨ?

..........................................................................................................................................

..........................................................................................................................................

4. ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਕੀ ਜਤਨ ਕਰਨੇ ਚਾਹੀਦੇ ਹਨ?

..........................................................................................................................................................

..........................................................................................................................................................

5. ਇਹਨਾ ਸਲੋਕਾਂ ਦਾ ਸਮੁੱਚਾ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ?

..........................................................................................................................................................

..........................................................................................................................................................

6. ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਸਲੋਕ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

..........................................................................................................................................................

..........................................................................................................................................................

7. ਅਸੀਂ ਇਨ੍ਹਾਂ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

..........................................................................................................................................................

..........................................................................................................................................................

## ਸਮੁੱਚਾ ਭਾਵ

ਗੁਰੂ ਸਾਹਿਬ ਇਹਨਾ ਦੋ ਸਲੋਕਾਂ ਵਿੱਚ ਇੱਕ ਵਿੱਚ ਸਵਾਲ ਖੜਾ ਕਰ ਰਹੇ ਹਨ ਅਤੇ ਦੂਸਰੇ ਵਿੱਚ ਜਵਾਬ ਦੇ ਰਹੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਮਨੁੱਖ ਹਿੰਮਤ ਹਾਰ ਜਾਵੇ ਉਸ ਮਨੁੱਖ ਨੂੰ ਹੋਰ ਬੰਧਨ ਅਤੇ ਵਿਕਾਰ ਘੇਰ ਲੈਂਦੇ ਹਨ ਪਰ ਜਦੋਂ ਉਹ ਮਨੁੱਖ ਹੌਂਸਲਾ ਕਰਕੇ ਗੁਰੂ ਦੀਆਂ ਵਿਚਾਰਾਂ ਆਪਣੀ ਜਿੰਦਗੀ ਵਿੱਚ ਧਾਰਨ ਕਰ ਲਵੇ ਤਾਂ ਸਾਰਾ ਆਲਾ ਦੁਆਲਾ ਉਸਦੀ ਮਦਦ ਵਿੱਚ ਲੱਗ ਜਾਂਦਾ ਹੈ।

# ਸਫਲ ਹੋਣਾ

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮ ॥ ਨਿਸਿਦਿਨ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥ ੨੦॥**
**( ਪੰਨਾ੧੪੨੭ )**

## ਪਦ ਅਰਥ:

ਭੈ - ਡਰ, ਹਰਨ - ਦੂਰ ਕਰਨ ਵਾਲਾ ਦੁਰਮਤ - ਖੋਟੀ ਮੱਤ
ਕਲਿ ਮਹਿ - ਕਲੇਸ਼ਾਂ ਭਰੇ ਸੰਸਾਰ ਵਿੱਚ, ਨਿਸਿਦਿਨ - ਰਾਤ
ਭਜੈ - ਜਪਦਾ ਹੈ, ਹੋਹਿ - ਹੋ ਜਾਂਦੇ ਹਨ, ਤਿਹ ਕਾਮ - ਸਾਰੇ ਹੀ ਕੰਮ

ਇਸ ਕਲੇਸ਼ਾਂ ਭਰੇ ਸੰਸਾਰ ਅੰਦਰ ਵਾਹਿਗੁਰੂ ਦਾ ਨਾਮ ਹੀ ਮਨੁੱਖ ਦਾ ਡਰ ਅਤੇ ਦੁਰਮਤਿ ਭਾਵ ਮੈਲੇ ਵਿਚਾਰ ਖਤਮ ਕਰਨ ਵਾਲਾ ਹੈ।

ਜੋ ਮਨੁੱਖ ਵਾਹਿਗੁਰੂ ਦੀ ਭੈ- ਭਾਵਨੀ ਵਿੱਚ ਰਹਿ ਕੇ ਜਿੰਦਗੀ ਗੁਜ਼ਾਰਦਾ ਹੈ, ਗੁਰੂ ਨੂੰ ਚੇਤੇ ਰੱਖਦਾ ਹੈ ਉਸ ਮਨੁੱਖ ਦਾ ਜੀਵਨ ਅਤੇ ਕਾਰਜ ਸਫਲ ਹੋ ਜਾਂਦੇ ਹਨ।

ਜੋ ਮਨੁੱਖ ਸਫਲ ਹੁੰਦੇ ਹਨ ਉਹਨਾਂ ਦੇ ਵਿਚਾਰ ਬਹੁਤ ਸਪਸ਼ਟ ਹੁੰਦੇ ਹਨ। ਸਫਲ ਹੋਣ ਦੀ ਪਹਿਲੀ ਨਿਸ਼ਾਨੀ ਵਿਚਾਰਾਂ ਦਾ ਸਪਸ਼ਟ ਹੋਣਾ ਹੈ, ਵਿਚਾਰ ਤਾਂ ਹੀ ਸਪਸ਼ਟ ਹੋ ਸਕਦੇ ਹਨ ਜੇ ਮਨੁੱਖ ਗੁਰੂ ਉਪਦੇਸ਼ ਨੂੰ ਕਮਾਉਣ ਵਾਲਾ ਹੋਵੇ।

## ਨਵੇਂ ਸ਼ਬਦ

**ਸ਼ਬਦਾ ਦਾ ਮਿਲਾਨ ਕਰੋ**

| | |
|---|---|
| ਭੈ | ਕਲੇਸ਼ਾਂ ਭਰੇ ਸੰਸਾਰ ਵਿੱਚ |
| ਦੁਰਮਤ | ਦੂਰ ਕਰਨ ਵਾਲਾ |
| ਹਰਨ | ਖੋਟੀ ਮੱਤ |
| ਕਲਿ ਮਹਿ | ਡਰ |
| ਨਿਸਿ | ਸਾਰੇ ਹੀ ਕੰਮ |
| ਭਜੈ | ਹੋ ਜਾਂਦੇ ਹਨ |
| ਹੋਹਿ | ਜਪਦਾ ਹੈ |
| ਤਿਹ ਕਾਮ | ਰਾਤ |

## ਪੰਕਤੀਆਂ ਪੂਰੀਆਂ ਕਰੋ

ਭੈ ਨਾਸਨ ਦੁਰਮਤਿ ਹਰਨ.........................................................॥
..............................................................ਸਫਲ ਹੋਹਿ ਤਿਹ ਕਾਮ॥

## ਆਓ ਆਪਣੀ ਲਿਖਣ ਕਲਾ ਵਧਾਈਏ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ:**

1. ਗੁਰੂ ਸਾਹਿਬ ਜੀ ਨੇ ਕਲੇਸ਼ਾਂ ਭਰੇ ਸੰਸਾਰ ਤੋਂ ਬਚਣ ਦਾ ਕੀ ਹੱਲ ਦੱਸਿਆ ਹੈ?

..............................................................................................................................

..............................................................................................................................

2. ਮਾੜੀ ਸੋਚ ਨੂੰ ਦਰਕਿਨਾਰ ਕਰਕੇ ਮਨੁੱਖ ਕਿਵੇਂ ਬਚ ਸਕਦਾ ਹੈ?

..............................................................................................................................

..............................................................................................................................

3. ਗੁਰੂ ਸਾਹਿਬ ਨੇ ਇਸ ਸਲੋਕ ਵਿੱਚ ਕਿਹੜਾ ਸਫਲਤਾ ਦਾ ਰਾਹ ਅਪਣਾਉਣ ਦਾ ਸੁਨੇਹਾ ਦਿੱਤਾ ਹੈ?

..............................................................................................................................

..............................................................................................................................

4. ਸਫਲ ਹੋਣ ਲਈ ਕਿਹੜੇ ਕਾਰਜ ਅਤੇ ਕਿਵੇਂ ਕਰਨੇ ਚਾਹੀਦੇ ਹਨ ਇਸ ਸਲੋਕ ਨੂੰ ਸਾਹਮਣੇ ਰੱਖ ਕੇ ਆਪਣੇ ਵਿਚਾਰ ਦਿਓ?

..............................................................................................................................

..............................................................................................................................

5. ਇਸ ਸਲੋਕ ਦਾ ਸਮੁੱਚਾ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ?

..............................................................................................................................

..............................................................................................................................

6. ਰੋਜ਼ ਮਰਾ ਦੀ ਜ਼ਿੰਦਗੀ ਵਿੱਚ ਇਹ ਸ਼ਬਦ ਕਿਵੇਂ ਅਮਲ ਵਿੱਚ ਲਿਆ ਸਕਦੇ ਹਾਂ ਆਪਣੇ ਵਿਚਾਰ ਦਿਓ।

..............................................................................................................................

..............................................................................................................................

7. ਅਸੀਂ ਇਸ ਸ਼ਬਦ ਵਿਚੋਂ ਕੀ ਸਿੱਖਿਆ ਲਈ ਹੈ ਜੋ ਅਸੀਂ ਹੋਰਨਾ ਤੱਕ ਪਹੁੰਚਾਉਣੀ ਚਾਹਾਂਗੇ।

..............................................................................................................................

..............................................................................................................................

## ਸਮੁੱਚਾ ਭਾਵ

ਗੁਰੂ ਸਾਹਿਬ ਇਸ ਸਲੋਕ ਰਾਹੀਂ ਮਨੁੱਖਾ ਬਿਰਤੀ ਨੂੰ ਉਜਾਗਰ ਕਰਦਿਆਂ ਕਹਿੰਦੇ ਹਨ ਕਲੇਸ਼ ਭਰੇ ਸੰਸਾਰ ਵਿੱਚ ਜੋ ਮਨੁੱਖ ਹਰ ਵਕਤ ਪ੍ਰਭੂ ਨੂੰ ਚੇਤੇ ਰੱਖ ਕੇ ਆਪਣਾ ਜੀਵਨ ਗੁਜਾਰਦਾ ਹੈ ਉਹ ਮਨੁੱਖ ਦਾ ਜੀਵਨ ਅਤੇ ਕਾਰਜ ਦੋਵੇਂ ਸਫਲ ਹੋ ਜਾਂਦੇ ਹਨ।

**ਚਿਤ ਚਰਣ ਕੰਵਲ ਕਾ ਆਸਰਾ, ਚਿਤ ਚਰਣ ਕੰਵਲ ਸੰਗਿ ਜੋੜੀਐ।**
**ਮਨ ਲੋਚੈ ਬੁਰਿਆਈਆਂ ,ਗੁਰਸ਼ਬਦੀਂ ਇਹ ਮਨ ਹੋੜੀਐ।**
**ਬਾਂਹਿ ਜਿਨਾ ਦੀ ਪਕੜੀਏ, ਸਿਰ ਦੀਜੈ ਬਾਂਹ ਨ ਛੋੜੀਐ।**
**ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਐ।** (ਕੇਸੋ ਭੱਟ)

**ਹੇਠਾਂ ਦਿੱਤੀ ਤਸਵੀਰ ਵਿੱਚ ਗੁਰਸਿੱਖ ਬੱਚੇ ਆਪਣੀ ਮਨ ਭਾਉਂਦੀ ਵਿਚਾਰ ਬਾਰੇ ਸੋਚ ਰਹੇ ਹਨ, ਸਮੱਗਰੀ ਦੇ ਚਿੱਤਰ ਵੇਖ ਕੇ ਉਹਨਾਂ ਦੀ ਮਨ ਭਾਉਂਦੀ ਭਾਵਨਾ ਬੁਝੋ ਤੇ ਲਿਖੋ।**










# ਗੁ. ਸੀਸ ਗੰਜ ਚਾਂਦਨੀ ਚੌਂਕ ਦਿੱਲੀ ਤੋਂ ਗੁ. ਸੀਸ ਗੰਜ ਅਨੰਦਪੁਰ ਸਾਹਿਬ



**ਚਾਂਦਨੀ ਚੌਂਕ ਸੀਸ ਗੰਜ ਦਿੱਲੀ ਭਾਈ ਨਾਨੂ ਦੇ ਘਰ ਰਾਏ ਸੀਨਾ ਪਿੰਡ।**




ਬਾਗਪਤ ਪੰਡਿਤ ਕ੍ਰਿਸ਼ਨ ਪਾਲ ਦਾ ਘਰ।



ਗੁਰਦੁਆਰਾ ਸੀਸਗੰਜ ਤਰਾਵੜੀ ਭਾਈ ਦੇਵਾ ਰਾਮ ਧੋਬੀ ਜੀ ਦੇ ਘਰ।



ਟਾਂਗਰੀ ਨਦੀ ਕਿਨਾਰੇ ਜਿੱਥੇ ਗੁਰੂ ਜੀ ਦਾ ਸੀਸ ਟਿਕਾਇਆ
ਗੁਰਦੁਆਰਾ ਸਤਸੰਗਤ ਸਾਹਿਬ ਕੈਂਥ ਮਾਜਰੀ। (ਅੰਬਾਲਾ)



ਗੁਰਦੁਆਰਾ ਸੀਸਗੰਜ ਅੰਬਾਲਾ (ਭਾਈ ਰਾਮਦੇਵ ਦੇ ਘਰ)



ਨਾਭੇ ਦੀ ਜੂਹ ਫਕੀਰ ਦੀ ਕੁਟੀਆ ਗੁਰਦੁਆਰਾ ਨਾਭਾ ਸਾਹਿਬ ਜੀਰਕਪੁਰ
ਸੀਸ ਸਥਾਨ ਪਾਤਸ਼ਾਹੀ ਨੌਵੀਂ, ਪ੍ਰਣ ਸਥਾਨ ਬਾਬਾ ਬੰਦਾ ਸਿੰਘ ਬਹਾਦਰ।



ਕੀਰਤਪੁਰ ਸਾਹਿਬ ਗੁਰਦੁਆਰਾ ਬਿਬਾਣਗੜ੍ਹ ਸਾਹਿਬ।



ਗੁਰਦੁਆਰਾ ਸੀਸ ਗੰਜ ਸ੍ਰੀ ਅਨੰਦਪੁਰ ਸਾਹਿਬ।

**ਇਹ ਪਹਿਲੀ ਵਾਰ ਹੋਇਆ ਕਿ ਧੜ ਦਾ ਸਸਕਾਰ ਦਿੱਲੀ ਗੁਰਦੁਆਰਾ ਰਕਾਬ ਗੰਜ ਅਤੇ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਧੜ ਨਾਲੋਂ ਸੀਸ ਦਾ ਸਸਕਾਰ 322 ਕਿਲੋਮੀਟਰ ਦੀ ਦੂਰੀ ਤੇ ਕੀਤਾ ਗਿਆ।**

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮਕਾਲੀ ਸਿੱਖ

ਭਾਈ ਉਦਾ/ਉਧਾ ਰਠੌਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਕਰਨਾਲ ਵਾਸੀ ਗੁਰੂ ਘਰ ਦਾ ਰਸੋਈਆ। ਗੁਰੂ ਸਾਹਿਬ ਦੀ ਸ਼ਹਾਦਤ ਸਮੇਂ ਗੁਰੂ ਜੀ ਦੇ ਨਾਲ ਦਿੱਲੀ ਵਿੱਚ ਹਾਜ਼ਰ ਸੀ।

**ਅਬਦੁਲਾ-** ਗੁਰੂ ਸਾਹਿਬ ਦਾ ਇੱਕ ਸਨੇਹੀ। ਦਿੱਲੀ ਵਿਖੇ ਦਰੋਗਾ ਸੀ। ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਆ ਵਸਿਆ ਇਸ ਦਾ ਪੁੱਤਰ ਨਵਾਬ ਕਪੂਰ ਸਿੰਘ ਦੇ ਨਾਲ ਰਿਹਾ।

**ਅਰਜਾਨੀ** ਬਾਬਾ ਅਰਜਾਨੀ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ ਵਿੱਚੋਂ ਸਨ। ਬਾਬਾ ਬਕਾਲਾ ਨਗਰ ਵਿਖੇ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗੁਰਿਆਈ ਦੀ ਰਸਮ ਹੋਈ ਤਾਂ ਇਹ ਸ਼੍ਰੀ ਗੋਇੰਦਵਾਲ ਸਾਹਿਬ ਤੋਂ ਆਪਣੇ ਪੁੱਤਰ ਦੁਆਰਕਾ ਦਾਸ ਨਾਲ ਸ਼ਾਮਿਲ ਹੋਏ।

**ਸਾਹਿਬ ਚੰਦ** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇੱਕ ਹੁਕਮਨਾਮੀਆਂ ਸਿੱਖ।

**ਸਾਧੂ ਰਾਮ** ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਭੈਣ ਬੀਬੀ ਵੀਰੋ ਜੀ ਦਾ ਪਤੀ। ਭਾਈ ਸਾਧੂਰਾਮ ਜੀ ਗੁਰੂ ਤੇਗ ਬਹਾਦਰ ਜੀ ਨਾਲ ਧਰਮ ਪ੍ਰਚਾਰ ਦੌਰਿਆਂ ਤੇ ਨਾਲ ਰਹੇ। ਇਹਨਾਂ ਦੇ ਪੰਜ ਪੁੱਤਰਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿੱਚ ਭੰਗਾਣੀ ਦੀ ਜੰਗ ਵਿੱਚ ਖੂਬ ਜੌਹਰ ਦਿਖਾਏ।

**ਸੁਧਾ** ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੇਵਕ ਸਿੱਖ। ਇਹ ਭਾਈ ਦਇਆ ਸਿੰਘ (ਪੰਜ ਪਿਆਰਿਆਂ ਵਿੱਚੋਂ) ਦਾ ਪਿਤਾ ਸੀ। ਜੋ ਕਿ ਡੱਲਾ ਨਿਵਾਸੀ ਭਾਈ ਪਾਰੋ ਖੱਤਰੀ ਦੀ ਕੁਲ ਵਿੱਚੋਂ ਸਨ।

**ਸੋਲਜਈ** - ਭਾਈ ਮੱਖਣ ਸ਼ਾਹ ਦੀ ਪਤਨੀ ਇਹਨਾਂ ਦਾ ਪੂਰਾ ਪਰਿਵਾਰ ਗੁਰੂ ਘਰ ਦਾ ਸ਼ਰਧਾਲੂ ਸੀ। ਬਾਬਾ ਬਕਾਲਾ ਸਾਹਿਬ ਵਾਲੀ ਘਟਨਾ ਵੇਲੇ ਇਹ ਵੀ ਆਪਣੇ ਤਿੰਨ ਪੁੱਤਰਾਂ (ਲਾਲ ਚੰਦ, ਚੰਦੂ ਲਾਲ ਤੇ ਕੁਸ਼ਲ ਚੰਦ( ਨਾਲ ਹਾਜ਼ਰ ਸਨ।

**ਭਾਈ ਫੇਰੂ ਜੀ**-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਨਿੰਨ ਸੇਵਕ। ਮਾਪਿਆਂ ਨੇ ਨਾਉ ਸੰਗਤ ਰੱਖਿਆ। ਗੁਰੂ ਸਾਹਿਬ ਨੇ ਇਸ ਦਾ ਨਾਉ ਫੇਰੂ ਰੱਖਿਆ ਕਿਉਂਕਿ ਇਹ ਵਪਾਰ ਲਈ ਫੇਰੀ ਪਾਉਂਦੇ ਸਨ। ਗੁਰੂ ਸਾਹਿਬ ਨੇ ਇਹਨਾਂ ਨੂੰ ਲਾਹੌਰ ਤੋਂ ਦੱਖਣ ਰਾਵੀ ਅਤੇ ਸਤਲੁਜ ਦੇ ਮੱਧ ਦਾ ਮਸੰਦ ਥਾਪਿਆ।

**ਹਜ਼ੂਰੀ ਸਿਹੂੰ ਰਾਜਾ** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕਲਕੱਤੇ ਦਾ ਸ਼ਰਧਾਲੂ ਰਾਜਾ। ਇਹ ਸੂਰਜ ਵੰਸੀ ਖਾਨਦਾਨ ਵਿੱਚੋਂ ਸੀ ਜੋ ਧਾਰਮਿਕ ਖਿਆਲਾਂ ਦਾ ਭਗਤੀ ਭਾਵ ਰੱਖਣ ਵਾਲਾ ਸੀ। ਗੁਰੂ ਜੀ ਦੀ ਮਹਾਨਤਾ ਸੁਣ ਸਿੱਖ ਬਣਿਆ ਅਤੇ ਬਹੁਤ ਸਾਰਾ ਇਲਾਕਾ ਗੁਰੂ ਘਰ ਲਈ ਦਾਨ ਕੀਤਾ।

**ਹਰੀਆ**-ਇਹ ਬੀਬੀ ਗੁਰੂ ਘਰ ਦੀ ਸ਼ਰਧਾਲੂ ਸਿੱਖ ਸੀ ਜੋ ਕਿ ਵੱਲਾ ਨਗਰ ਅੰਮ੍ਰਿਤਸਰ ਦੀ ਰਹਿਣ ਵਾਲੀ ਸੀ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਅੰਮ੍ਰਿਤਸਰ ਦਰਸ਼ਨ ਕਰਨ ਤੋਂ ਬਾਅਦ ਵੱਲ੍ਹਾ ਪਿੰਡ ਪਹੁੰਚੇ ਤਾਂ ਇਸ ਮਾਈ ਨੇ ਆਪਣੇ ਘਰ ਗੁਰੂ ਸਾਹਿਬ ਨੂੰ ਠਹਿਰਾਇਆ ਸੀ।

**ਹਰਿਜਸ ਰਾਇ**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਰਧਾਲੂ ਵਿਦਵਾਨ ਇੱਕ ਬ੍ਰਾਹਮਣ ਜੋ ਕਿ ਗੁਰਮੁਖੀ, ਦੇਵਨਾਗਰੀ ਤੇ ਫਾਰਸੀ ਵਿੱਦਿਆ ਪੜਿਆ ਹੋਇਆ ਸੀ। ਇਹ ਦਸ਼ਮੇਸ਼ ਜੀ ਦਾ ਅਧਿਆਪਕ ਸੀ।

**ਭਾਈ ਹਰਬਖਸ਼ ਜੀ**-ਗੁਰੂ ਸਾਹਿਬ ਦਾ ਮਾਲਵੇ ਖੇਤਰ ਦਾ ਇੱਕ ਸ਼ਰਧਾਲੂ ਸਿੱਖ, ਜੋ ਕਿ ਇੱਕ ਵਧੀਆ ਕੀਰਤਨੀਆਂ ਸੀ।

**ਭਾਈ ਕਿਰਪਾ ਰਾਮ** (ਭਾਈ ਕਿਰਪਾ ਸਿੰਘ)-ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਅਤੇ ਸਿੱਖ ਯੋਧਾ ਸਨ। ਇਹ ਭੰਗਾਣੀ ਦੇ ਜੰਗ ਵਿੱਚ ਬੜੀ ਬਹਾਦਰੀ ਨਾਲ ਲੜੇ ਸਨ। ਭਾਈ ਕਿਰਪਾ ਰਾਮ ਦੱਤ ਮਟਨ ਕਸ਼ਮੀਰ ਦਾ ਰਹਿਣ ਵਾਲਾ ਸੀ, ਜੋ ਕਿ ਭਾਈ ਪਰਾਗੇ ਦੀ ਭੈਣ ਸਰਸੁਤੀ ਦਾ ਪੁੱਤਰ ਸੀ, ਇਸ ਦਾ ਪਿਤਾ ਅੜੂ ਰਾਮ, ਦਾਦਾ ਨਰਾਇਣ ਦਾਸ ਤੇ ਪੜਦਾਦਾ ਬ੍ਰਹਮਦਾਸ ਖਾਨਦਾਨੀ ਗੁਰੂ ਘਰ ਦੇ ਸ਼ਰਧਾਲੂ ਸਨ।

**ਭਾਈ ਕਿਰਪਾ ਰਾਮ** ਸੰਸਕ੍ਰਿਤ ਤੇ ਫਾਰਸੀ ਦਾ ਵਿਦਵਾਨ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਸਨ ਉਹਨਾਂ ਨੂੰ ਸੰਸਕ੍ਰਿਤ ਤੇ ਫਾਰਸੀ ਅੱਖਰਾਂ ਦਾ ਗਿਆਨ ਕਰਾਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਬੀ ਭਾਰਤ ਵੱਲ ਕੀਤੇ ਦੌਰਿਆਂ ਸਮੇਂ ਇਹ ਗੁਰੂ ਸਾਹਿਬ ਦੇ ਨਾਲ ਸੀ। ਔਰੰਗਜ਼ੇਬ ਨੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦਾ ਚੱਕਰ ਚਲਾਇਆ ਤਾਂ ਇਸ ਦੀ ਅਗਵਾਈ ਵਿੱਚ ਹੀ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਅਨੰਦਪੁਰ ਆਏ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਇਹ ਸ੍ਰੀ ਅਨੰਦਪੁਰ ਸਾਹਿਬ ਦਸਮ ਪਾਤਸ਼ਾਹ ਦੀ ਸੇਵਾ ਵਿੱਚ ਰਿਹਾ। ਇਸ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਕਿਰਪਾ ਰਾਮ ਤੋਂ ਕਿਰਪਾ ਸਿੰਘ ਬਣ ਗਿਆ। ਕਿਰਪਾ ਸਿੰਘ ਨੇ ਕਈ ਜੰਗਾਂ ਵਿੱਚ ਵੀ ਹਿੱਸਾ ਲਿਆ। ਚਮਕੌਰ ਦੀ ਜੰਗ ਵਿੱਚ ਇਹ ਬੜੀ ਵੀਰਤਾ ਨਾਲ ਲੜਦਾ ਹੋਇਆ ਸ਼ਹੀਦੀ ਜਾਮ ਪੀ ਗਿਆ।

# ਗੁਰੂ ਸਾਹਿਬ ਜੀ ਦੀਆਂ ਤਿੰਨ ਗ੍ਰਿਫਤਾਰੀਆਂ।

**ਭੱਟ ਵਹੀ ਜਾਗੋ ਬੰਸੀਆ ਖਾਤਾ ਬੜਤੀਆ।**

## ਪਹਿਲੀ ਗ੍ਰਿਫਤਾਰੀ ਆਲਮ ਖਾਨ ਵਲੋਂ ਧਮਧਾਣ 8 ਨਵੰਬਰ 1665

## ਦੂਜੀ ਗ੍ਰਿਫਤਾਰੀ ਆਗਰਾ ਅਪ੍ਰੈਲ 1670 (ਨਜ਼ਰਬੰਦ ਰਹੇ ਦੋ ਮਹੀਨੇ 13 ਦਿਨ)

## ਤੀਜੀ ਗਿਰਫਤਾਰੀ ਮਿਰਜ਼ਾ ਨੂਰ ਮੁਹੰਮਦ ਵੱਲੋਂ ਮਲਕਪੁਰ ਰੰਗੜਾ 11 ਜੁਲਾਈ 1675

---

**ਸੰਗ੍ਰਹਿ ਕਰਤਾ:- ਮਲਕੀਤ ਸਿੰਘ ਰਈਆ 9988977633**